EDUCATING LITERATES
LALLY
Infosys
Since 1997
Group of Institutions
ISO 9001-2015 Certified
Serving Society with Quality Education
STUDY ABROAD
LALLY BUILDING, BMC CHOWK
JALANDHAR 98889-00011


ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ ਅਮਨਦੀਪ ਮਹਿਰਾ
ਵੀਰਵਾਰ 02 ਮਈ 2024

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
easyvisa
8194 828282

R.N.I.Punpun/29016/2008 * ਸਾਲ 15 * ਅੰਕ : 338 * ਮੁੱਲ ; 5.00 ਰੁਪਏ * ਕੁੱਲ ਪੇਜ 10 * ਦਫ਼ਤਰ : 0181-2211009 * : M 99155-94111

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
2155 ਵੀਜ਼ਾ
1 ਜਨਵਰੀ 2024 ਤੋਂ 30 ਮਾਰਚ 2024 ਤੱਕ ਲੱਗੇ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
easyvisa | 8194 828282

## ਕੋਲੰਬੀਆ 'ਚ ਹਜ਼ਾਰਾਂ ਗੋਲੇ, ਕਾਰਤੂਸ ਫੌਜ਼ੀ ਟਿਕਾਣਿਆਂ ਤੋਂ ਹੋ ਗਏ ਚੋਰੀ



ਬੋਗੋਟਾ, ਲੋਕ ਬਾਣੀ- ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੈਤਰੋ ਨੇ ਅੱਜ ਕਿਹਾ ਕਿ ਦੇਸ਼ ਦੇ ਦੋ ਫੌਜੀ ਟਿਕਾਣਿਆਂ ਤੋਂ ਹਜ਼ਾਰਾਂ ਗੋਲੇ (ਗ੍ਰੇਨੇਡ) ਅਤੇ ਗੋਲੀਆਂ ਚੋਰੀ ਹੋ ਗਈਆਂ ਹਨ। ਪੈਤਰੋ ਨੇ ਸੰਖੇਪ ਬਿਆਨ ਵਿੱਚ ਕਿਹਾ ਕਿ ਫੌਜ ਨੇ ਇਸ ਮਹੀਨੇ ਨਿਰੀਖਣ ਕੀਤਾ ਅਤੇ ਦੇਖਿਆ ਕਿ ਫੌਜੀ ਟਿਕਾਣਿਆਂ ਤੋਂ ਹਜ਼ਾਰਾਂ ਗੋਲੀਆਂ, ਹਜ਼ਾਰਾਂ ਗੋਲੇ ਅਤੇ 37 ਤੋਪਾਂ ਫੁੰਡਣ ਵਾਲੀਆਂ ਮਿਜ਼ਾਈਲਾਂ ਚੋਰੀ ਹੋ ਗਈਆਂ ਹਨ। ਇਨ੍ਹਾਂ ਫੌਜੀ ਟਿਕਾਣਿਆਂ ਵਿੱਚੋਂ ਇੱਕ ਦੇਸ਼ ਦੇ ਮੱਧ ਹਿੱਸੇ ਵਿੱਚ ਸਥਿਤ ਹੈ ਜਦੋਂ ਕਿ ਦੂਜਾ ਕੈਰੇਬੀਅਨ ਤੱਟ ਦੇ ਨੇੜੇ ਸਥਿਤ ਹੈ।

## ਦੇਸ਼ ਦੀ ਰਾਜਧਾਨੀ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ



ਦਿੱਲੀ, ਲੋਕ ਬਾਣੀ ਦਿੱਲੀ ਤੇ ਕੌਮੀ ਰਾਜਧਾਨੀ ਖੇਤਰ ਦੇ ਕਰੀਬ 100 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਬਾਅਦ ਸਕੂਲਾਂ 'ਚ ਛੁੱਟੀ ਕਰ ਦਿੱਤੀ ਗਈ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਮਯੂਰ ਵਿਹਾਰ ਖੇਤਰ 'ਚ ਸਥਿਤ ਮਦਰ ਮੈਰੀ ਸਕੂਲ, ਦਵਾਰਕਾ 'ਚ ਦਿੱਲੀ ਪਬਲਿਕ ਸਕੂਲ, ਚਾਣਕਿਆਪੁਰੀ 'ਚ ਸੰਸਕ੍ਰਿਤੀ ਸਕੂਲ, ਵਸੰਤ ਕੁੰਜ 'ਚ ਦਿੱਲੀ ਪਬਲਿਕ ਸਕੂਲ, ਸਾਕੇਤ 'ਚ ਐਮਿਟੀ ਸਕੂਲ ਅਤੇ ਨੋਇਡਾ ਸੈਕਟਰ 30 'ਚ ਸਥਿਤ ਦਿੱਲੀ ਪਬਲਿਕ ਸਕੂਲਾਂ ਸਣੇ ਕਰੀਬ 100 ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਈਮੇਲ ਰਾਹੀਂ ਦਿੱਤੀ ਗਈ।

## ਅਖਿਲੇਸ਼ ਯਾਦਵ ਭੜਕੇ ਕੋਵਿਡਸੀਲਡ ਮਾਮਲੇ ਵਿਚ ਦੋਸ਼ੀਆਂ ਖਿਲਾਫ ਹੋਵੇ ਜਲਦ ਕਾਰਵਾਈ



ਲਖਨਊ, ਲੋਕ ਬਾਣੀ- ਕੋਵਿਸ਼ੀਲਡ ਵੈਕਸੀਨ ਦੇ 'ਮਾੜੇ ਪ੍ਰਭਾਵ' ਬਾਰੇ ਵਿਵਾਦ ਕਾਰਨ ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਅੱਜ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਨੇ ਲੋਕਾਂ ਦੀਆਂ ਜਾਨਾਂ ਨੂੰ ਖਤਰੇ ਵਿੱਚ ਪਾ ਕੇ ਟੀਕਾ ਨਿਰਮਾਤਾ ਤੋਂ ਸਿਆਸੀ ਚੰਦਾ ਇਕੱਠਾ ਕੀਤਾ ਹੈ ਅਤੇ ਇਸ ਦੀ ਉੱਚ ਪੱਧਰੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਜਿਹੀਆਂ ਘਾਤਕ ਦਵਾਈਆਂ ਦੀ ਇਜਾਜ਼ਤ ਦੇਣਾ ਕਿਸੇ ਦੇ ਕਤਲ ਦੀ ਸਾਜ਼ਿਸ਼ ਦੇ ਬਰਾਬਰ ਹੈ।

## ਅਟਾਰੀ ਤੋਂ ਢਾਈ ਕਰੋੜ ਦੀ ਹੈਰੋਇਨ ਸਮੇਤ ਇਕ ਵਿਅਕਤੀ ਕਾਬੂ

**ਅਟਾਰੀ, ਲੋਕ ਬਾਣੀ** -ਪੁਲਿਸ ਜ਼ਿਲ੍ਹਾ ਦਿਹਾਤੀ ਅੰਮ੍ਰਿਤਸਰ ਦੇ ਮੁਖੀ ਸ. ਸਤਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੁਲਿਸ ਥਾਣਾ ਘਰਿੰਡਾ ਨੂੰ ਅੱਜ ਉਸ ਸਮੇਂ ਵੱਡੀ ਸਫ਼ਲਤਾ ਹਾਸਿਲ ਹੋਈ ਜਦੋਂ ਉਨ੍ਹਾਂ ਵਲੋਂ ਨਾਕੇ ਦੌਰਾਨ ਪਾਕਿਸਤਾਨ ਤੋਂ ਆਈ 500 ਗ੍ਰਾਮ ਹੈਰੋਇਨ ਜਿਸ ਦੀ ਅੰਤਰਰਾਸ਼ਟਰੀ ਮਾਰਕੀਟ 'ਚ ਕੀਮਤ ਕਰੀਬ ਢਾਈ ਕਰੋੜ ਰੁਪਏ ਬਣਦੀ ਹੈ, ਦੋਸ਼ੀ ਜਗਰੂਪ ਸਿੰਘ ਵਾਸੀ ਜਠੌਲ ਥਾਣਾ ਘਰਿੰਡਾ ਨੂੰ ਗ੍ਰਿਫਤਾਰ ਕਰਕੇ ਪਰਚਾ ਦਰਜ ਕਰ ਲਿਆ ਹੈ।

## ਸਲਮਾਨ ਖਾਨ ਦੇ ਘਰ ਗੋਲੀ ਮਾਮਲੇ ਵਿਚ ਕਾਬੂ ਨੌਜਵਾਨ ਨੇ ਕੀਤੀ ਖੁਦਕੁਸ਼ੀ



ਮੁੰਬਈ, ਲੋਕ ਬਾਣੀ- ਬਾਲੀਵੁੱਡ ਅਭਿਨੇਤਾ ਸਲਮਾਨ ਖਾਨ ਦੇ ਘਰ 'ਤੇ ਗੋਲੀਬਾਰੀ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਮੁਲਜ਼ਮ ਨੇ ਅੱਜ ਮੁੰਬਈ ਪੁਲੀਸ ਦੀ ਅਪਰਾਧ ਸ਼ਾਖਾ ਦੀ ਹਿਰਾਸਤ 'ਚ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਅਨੁਜ ਥਾਪਨ (23) ਨੇ ਹਿਰਾਸਤ ਦੇ ਪਖਾਨੇ ਅੰਦਰ ਬੈੱਡਸ਼ੀਟ ਨਾਲ ਫਾਹਾ ਲੈ ਲਿਆ।

## ਲੁਧਿਆਣਾ ਦੇ ਡਾਕਟਰ ਦੀ ਕਰਤੂਤ ਪੜ੍ਹ ਕੇ ਹੋਵੋਗੇ ਹੈਰਾਨ

ਲੁਧਿਆਣਾ ਲੋਕ ਬਾਣੀ, ਸੁਖਚੈਨ ਮਹਿਰਾ ਡਾਕਟਰ ਨੂੰ ਦੁਨੀਆਂ ਵਿੱਚ ਰੱਬ ਦਾ ਦਰਜਾ ਦਿੱਤਾ ਜਾਂਦਾ ਸੀ ਪਰ ਅੱਜ ਕਲ੍ਹ ਇਹ ਪੇਸ਼ਾ ਸਿਰਫ ਪੈਸੇ ਕਮਾਉਣ ਤੇ ਲੋਕਾਂ ਦਾ ਖ਼ੂਨ ਚੁਸਣ ਕਰਕੇ ਮਸ਼ਹੂਰ ਹੁੰਦਾ ਜਾ ਰਿਹਾ ਹੈ ਤਾਜ਼ਾ ਮਾਮਲਾ ਲੁਧਿਆਣਾ ਤੋਂ ਸਾਹਮਣੇ ਆਇਆ ਹੈ ਜਿੱਥੇ ਚੰਦ ਪੈਸਿਆਂ ਲਈ ਪੇਸ਼ੇ ਦੇ ਕਾਇਦੇ ਕਾਨੂੰਨ ਛਿੱਕੇ ਢੰਗ ਕੇ ਫਰਜ਼ੀ ਮੈਡੀਕਲ ਬਣਾਉਣ ਵਾਲਿਆਂ ਡਾਕਟਰ ਖਿਲਾਫ ਥਾਣਾ ਮਾਡਲ ਟਾਊਨ ਪੁਲਿਸ ਵੱਲੋਂ ਧੋਖਾਦੇਹੀ ਸਣੇ ਹੋਰ ਸੰਗੀਨ ਦੋਸ਼ਾਂ ਤਹਿਤ ਪਰਚਾ ਦਰਜ ਕੀਤਾ ਗਿਆ।

## ਪੰਜਾਬ ਵਿੱਚ ਫੇਰ ਹੋਇਆ ਪਤੀ ਪਤਨੀ ਦਾ ਕਤਲ

**ਚੰਡੀਗੜ੍ਹ ਲੋਕ ਬਾਣੀ ਵਿਨੋਦ** ਸ਼ਰਮਾ ਪੰਜਾਬ ਦੇ ਖਰੜੇ ਤੋਂ ਵੱਡੀ ਖਬਰ ਮਿਲੀ ਹੈ ਬੀਤੀ ਰਾਤ ਸਮਾਂ ਨਜ਼ਦੀਕ ਲਾਂਡਰਾ ਰੋਡ ਸਥਿਤ ਸਵਰਾਜ ਇਨਕਲੇਵ ਦੀ ਕੋਠੀ ਨੰਬਰ 300 ਦੇ ਵਿੱਚ ਪੱਛਮੀ ਬੰਗਾਲ ਤੋਂ ਕੁਝ ਦਿਨ ਪਹਿਲਾਂ ਹੀ ਖਰੜ ਵਿੱਚ ਆਏ ਪਤੀ-ਪਤਨੀ ਦੀ ਹੱਤਿਆ ਉਨ੍ਹਾਂ ਦੇ ਜਾਣ-ਪਛਾਣ ਵਾਲੇ ਚਾਰ ਲੋਕਾਂ ਨੇ ਕਰ ਦਿੱਤੀ।

DIPS
INSTITUTIONS
CHAIN OF DIPS INSTITUTIONS
KNOWLEDGE IS POWER
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

ਪੰਜਾਬ ਦੇ ਹਰ ਜਿਲ੍ਹੇ ਤੋਂ ਰੋਜ਼ਾਨਾ ਲੋਕ **ਬਾਣੀ ਅਖ਼ਬਾਰ** ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਮੂਸੇਵਾਲਾ ਦਾ ਕਥਿਤ ਕਾਤਲ ਗੋਲਡੀ ਬਰਾੜ ਦਾ ਗੋਲੀਆਂ ਮਾਰ ਕੇ ਕਤਲ ?- ਨਿਊਜ਼18 ਰਿਪੋਰਟ



ਅਮਰੀਕਾ- ਕੌਮਾਂਤਰੀ ਮੀਡੀਆ ਵਿਚ ਇਸ ਖ਼ਬਰ ਦੀ ਬੜੀ ਚਰਚਾ ਚੱਲ ਰਹੀ ਹੈ ਕਿ, ਅਮਰੀਕਾ ਦੇ ਕੈਲੀਫੋਰਨੀਆ ਵਿਚ ਸਿੱਧੂ ਮੂਸੇਵਾਲਾ ਦੇ ਕਥਿਤ ਕਾਤਲ ਗੋਲਡੀ ਬਰਾੜ ਦੀ ਗੈਂਗਵਾਰ ਵਿਚ ਮੌਤ ਹੋ ਗਈ ਹੈ। ਹਾਲਾਂਕਿ, ਇਸ ਖ਼ਬਰ ਦੀ ਅਧਿਕਾਰਿਤ ਤੌਰ ਤੇ ਪੁਸ਼ਟੀ ਨਹੀਂ ਹੋਈ।

ਨਿਊਜ਼18 ਨੇ ਕੌਮਾਂਤਰੀ ਮੀਡੀਆ ਦੇ ਹਵਾਲੇ ਨਾਲ ਦੱਸਿਆ ਹੈ ਕਿ, ਫਰੈਜਨੋ ਪੁਲਿਸ ਲੈਫਟੀਨੈਂਟ ਲੈਸਲੀ ਵਿਲੀਅਮਜ਼ ਨੇ ਦੱਸਿਆ ਕਿ ਕੇਂਦਰੀ ਫਰੈਜਨੋ ਵਿੱਚ ਗੋਲੀ ਲੱਗਣ ਤੋਂ ਬਾਅਦ ਮੰਗਲਵਾਰ ਸ਼ਾਮ ਨੂੰ ਦੋ ਵਿਅਕਤੀਆਂ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ।

ਵੈਬਸਾਈਟ ਨੇ ਦਾਅਵਾ ਕੀਤਾ ਹੈ ਕਿ ਅਣਪਛਾਤਿਆਂ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ 2 ਨੌਜਵਾਨ ਜ਼ਖ਼ਮੀ ਹੋਏ ਸਨ, ਇਨ੍ਹਾਂ ਵਿਚੋਂ ਇਕ ਗੋਲਡੀ ਬਰਾੜ ਹੋ ਸਕਦਾ ਹੈ, ਜਿਸ ਦੀ ਮੌਤ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਹਾਲਾਂਕਿ ਪੰਜਾਬ ਨੈੱਟਵਰਕ ਉਕਤ ਦਾਅਵਿਆਂ ਦੀ ਪੁਸ਼ਟੀ ਨਹੀਂ ਕਰਦਾ।

ਨਿਊਜ਼-18 ਦੇ ਅਨੁਸਾਰ, ਮੂਸੇਵਾਲਾ ਕਤਲ ਕਾਂਡ ਦੇ ਮਾਸਟਰਮਾਈਂਡ ਗੋਲਡੀ ਬਰਾੜ ਦੀ ਡੱਲਾ ਲਖਬੀਰ ਗੈਂਗ ਦੇ ਵਿਰੋਧੀ ਗੈਂਗ ਦੇ ਮੈਂਬਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ।

ਹਾਲਾਂਕਿ, ਅਧਿਕਾਰਤ ਪੁਸ਼ਟੀ ਦੀ ਉਡੀਕ ਹੈ। ਮੁੱਢਲੀਆਂ ਰਿਪੋਰਟਾਂ ਮੁਤਾਬਕ ਗੈਂਗਸਟਰ ਨੂੰ ਹੋਟਲ ਫੇਅਰਮਾਊਂਟ 'ਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ

## ਕਣਕ ਦੀ ਸਮੇਂ ਸਿਰ ਅਦਾਇਗੀ ਕਰਨ ਵਿੱਚ ਜ਼ਿਲ੍ਹਾ ਗੁਰਦਾਸਪੁਰ ਸੂਬੇ ਭਰ ਵਿਚੋਂ ਮੋਹਰੀ, ਪਿਛਲੇ 6 ਦਿਨਾਂ ਤੋਂ ਲਿਫ਼ਟਿੰਗ ਵਿੱਚ ਬਹੁਤ ਵਧੀਆ ਕਾਰਗੁਜ਼ਾਰੀ



ਗੁਰਦਾਸਪੁਰ-ਨਵਨੀਤ ਕੁਮਾਰ - ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਗੁਰਦਾਸਪੁਰ ਜ਼ਿਲ੍ਹਾ ਕਣਕ ਦੀ ਖ਼ਰੀਦ ਦੌਰਾਨ ਕਿਸਾਨਾਂ ਨੂੰ ਜਲਦ ਅਦਾਇਗੀ ਕਰਨ ਵਿੱਚ ਸੂਬੇ ਭਰ ਵਿੱਚੋਂ ਮੋਹਰੀ ਚੱਲ ਰਿਹਾ ਹੈ। ਇਸ ਤੋਂ ਇਲਾਵਾ ਖ਼ਰੀਦੀ ਗਈ ਕਣਕ ਦੀ ਲਿਫ਼ਟਿੰਗ ਕਰਨ ਦੇ ਮਾਮਲੇ ਵਿੱਚ ਵੀ ਜ਼ਿਲ੍ਹਾ ਗੁਰਦਾਸਪੁਰ ਦੀ ਲਗਾਤਾਰ ਛੇਵੇਂ ਦਿਨ ਬਿਹਤਰ ਕਾਰਗੁਜ਼ਾਰੀ ਰਹੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ 330039 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਜਲਦ ਅਦਾਇਗੀ ਕਰਨ ਵਿੱਚ ਜ਼ਿਲ੍ਹਾ ਗੁਰਦਾਸਪੁਰ ਸੂਬੇ ਭਰ ਵਿੱਚੋਂ ਮੋਹਰੀ ਚੱਲ ਰਿਹਾ ਹੈ ਅਤੇ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 808.55 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ ਜੋ ਕਿ 108 ਫ਼ੀਸਦੀ ਬਣਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕੋਈ ਮੁਸ਼ਕਲ ਨਾ ਆਵੇ ਇਸ ਲਈ ਖ਼ਰੀਦੀ ਗਈ ਕਣਕ ਦੀ ਲਿਫ਼ਟਿੰਗ ਵੀ ਨਾਲ ਦੀ ਨਾਲ ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕਣਕ ਦੀ ਲਿਫ਼ਟਿੰਗ ਕਰਨ ਦੇ ਮਾਮਲੇ ਵਿੱਚ ਵੀ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਬਿਹਤਰ ਕਾਰਗੁਜ਼ਾਰੀ ਦਿਖਾਉਂਦਿਆਂ ਪਿਛਲੇ ਸਾਲ ਦੀ ਇੱਕ ਦਿਨ ਵਿੱਚ ਸਭ ਤੋਂ ਵੱਧ ਲਿਫ਼ਟਿੰਗ ਦੇ ਰਿਕਾਰਡ ਨੂੰ ਪਿਛਲੇ 6 ਦਿਨਾਂ ਤੋਂ ਲਗਾਤਾਰ ਪਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਖ਼ਰੀਦੀ ਗਈ ਕਣਕ ਦੀ ਬਿਨਾਂ ਕਿਸੇ ਦੇਰੀ ਲਿਫ਼ਟਿੰਗ ਕੀਤੀ ਜਾਵੇ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਥਾਂ ਦੀ ਕੋਈ ਕਮੀ ਨਾ ਆਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਣਕ ਦੀ ਫ਼ਸਲ ਦੀ ਨਿਰਵਿਘਨ ਖ਼ਰੀਦ ਲਈ ਵਚਨਬੱਧ ਹੈ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

# ਸਿੱਖ ਸੰਤ ਸਮਾਜ ਦੇ ਬੁਲਾਰੇ ਭਾਈ ਬਲਵਿੰਦਰ ਸਿੰਘ ਦਾ ਬੇਰਹਿਮੀ ਨਾਲ ਕਤਲ

ਗੁਰਦਾਸਪੁਰ

ਦਮਦਮੀ ਟਕਸਾਲ ਦੇ 13ਵੇ ਮੁਖੀ ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ ਅਤੇ ਸੰਤ ਸਮਾਜ ਦੇ ਮੁੱਖ ਬੁਲਾਰੇ ਭਾਈ ਬਲਵਿੰਦਰ ਸਿੰਘ ਖਾਲਸਾ ਦਾ ਬਟਾਲਾ ਪੁਲਿਸ ਅਧੀਨ ਪੈਂਦੇ ਕਸਬਾ ਘੁਮਾਣ ਦੇ ਨਜ਼ਦੀਕ ਗੁਰਦੁਆਰਾ ਗੁਰੂ ਰਾਮਦਾਸ ਸਾਹਿਬ ਜੀ ਅਠਵਾਲ ਪੁਲ ਤੇ ਬੀਤੀ ਰਾਤ ਕਤਲ ਹੋ ਜਾਣ ਸਮਾਚਾਰ ਪ੍ਰਾਪਤ ਹੋਇਆ ਹੈ।

ਮ੍ਰਿਤਕ ਭਾਈ ਬਲਵਿੰਦਰ ਸਿੰਘ ਖ਼ਾਲਸਾ ਕਸਬਾ ਘੁਮਾਣ ਦੇ ਗੁਰਦਵਾਰਾ ਸਾਹਿਬ ਦੇ ਮੁਖੀ ਸਨ ਅਤੇ ਗੁਰਦਵਾਰਾ ਸਾਹਿਬ ਦੀ ਸੇਵਾ ਸੰਭਾਲ ਦੀ ਸੇਵਾ ਕਰਦੇ ਸਨ। ਜਾਣਕਾਰੀ ਅਨੁਸਾਰ ਉਹਨਾਂ ਦਾ ਘਰ ਵੀ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਸੀ।

ਉਹਨਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ ਅਤੇ ਖੂਨ ਨਾਲ ਲੱਥ ਪੱਥ ਮ੍ਰਿਤਕ ਦੇ ਦਿਆ ਤਸਵੀਰਾਂ ਲਗਾਤਾਰ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਹਨ। ਕਤਲ ਤੋਂ ਬਾਅਦ ਪੂਰੇ ਇਲਾਕੇ 'ਚ ਸਨਸਨੀ ਫੈਲੀ ਹੋਈ ਹੈ।

ਪੁਲਿਸ ਵੱਲੋਂ ਉਹਨਾਂ ਦੀ ਮ੍ਰਿਤਕ ਦੇ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ ਗਈ ਹੈ, ਉੱਥੇ ਹੀ ਘਟਨਾ ਨਾਲ ਸੰਬੰਧਿਤ ਇੱਕ ਸੀਸੀਟੀਵੀ ਫੁਟੇਜ ਵੀ ਪੁਲਿਸ ਦੇ ਹੱਥ ਲੱਗੀ ਹੈ।

ਸ਼ੱਕ ਜਤਾਇਆ ਜਾ ਰਿਹਾ ਹੈ ਕਿ ਭਾਈ ਬਲਵਿੰਦਰ ਸਿੰਘ ਖਾਲਸਾ ਦੇ ਸੇਵਾਦਾਰ ਵੱਲੋਂ ਹੀ ਬਾਬੇ ਦਾ ਕਤਲ ਕੀਤਾ ਗਿਆ ਹੋ ਸਕਦਾ ਹੈ।



# ਅਦਾਕਾਰੀ ਤੋਂ ਬਾਅਦ ਅਨੁਪਮਾ ਫੇਮ ਰੂਪਾਲੀ ਗਾਂਗੁਲੀ ਨੇ ਕੀਤਾ ਰਾਜਨੀਤੀ ਵਿੱਚ ਪ੍ਰਵੇਸ਼, BJP ਵਿੱਚ ਹੋਈ ਸ਼ਾਮਲ



ਨਵੀਂ ਦਿੱਲੀ: ਅਨੁਪਮਾ ਫੇਮ ਰੂਪਾਲੀ ਗਾਂਗੁਲੀ ਨੇ ਸਿਆਸੀ ਮੈਦਾਨ ਵਿੱਚ ਐਂਟਰੀ ਕਰਕੇ ਆਪਣੇ ਪ੍ਰਸ਼ੰਸਕਾਂ ਨੂੰ ਹੈਰਾਨ ਕਰ ਦਿੱਤਾ ਹੈ। ਟੈਲੀਵਿਜ਼ਨ ਅਦਾਕਾਰਾ ਅੱਜ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਈ ਹੈ।

ਸੱਤ ਪੜਾਵਾਂ ਵਿੱਚ ਚੱਲ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਬੁੱਧਵਾਰ ਨੂੰ ਰਾਸ਼ਟਰੀ ਰਾਜਧਾਨੀ ਵਿੱਚ ਪਾਰਟੀ ਹੈੱਡਕੁਆਰਟਰ ਵਿੱਚ ਅਭਿਨੇਤਰੀ ਦਾ ਰਸਮੀ ਤੌਰ 'ਤੇ ਭਾਜਪਾ ਵਿੱਚ ਸਵਾਗਤ ਕੀਤਾ ਗਿਆ। ਰੂਪਾਲੀ ਵੱਲੋਂ ਭਗਵਾ ਧਾਰਨ ਕਰਨ ਮੌਕੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਵਿਨੋਦ ਤਾਵੜੇ ਵੀ ਪਾਰਟੀ ਹੈੱਡਕੁਆਰਟਰ ਵਿੱਚ ਮੌਜੂਦ ਸਨ।

ਅਧਿਕਾਰਤ ਤੌਰ 'ਤੇ ਰਾਜਨੀਤੀ ਵਿਚ ਆਉਣ ਤੋਂ ਬਾਅਦ, ਅਭਿਨੇਤਰੀ ਨੇ ਕਿਹਾ, ਆਪਣੇ ਆਲੇ-ਦੁਆਲੇ ਵਿਕਾਸ ਦੇ 'ਮਹਾਂ ਯੱਗ' ਨੂੰ ਦੇਖ ਕੇ, ਮੈਨੂੰ ਲੱਗਾ ਕਿ ਮੈਨੂੰ ਵੀ ਇਸ ਦਾ ਹਿੱਸਾ ਬਣਨਾ ਚਾਹੀਦਾ ਹੈ। ਮੈਨੂੰ ਇਸ ਨਵੀਂ ਯਾਤਰਾ 'ਤੇ ਜਾਣ ਲਈ ਤੁਹਾਡੇ ਆਸ਼ੀਰਵਾਦ ਅਤੇ ਸਮਰਥਨ ਦੀ ਜ਼ਰੂਰਤ ਹੈ। ਹਮੇਸ਼ਾ ਇਸ ਨੂੰ ਸਹੀ ਕਰਨਾ ਯਕੀਨੀ ਬਣਾਓ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਅਤੇ ਅਮਿਤ ਸ਼ਾਹ ਜੀ ਦੇ ਮਾਰਗਦਰਸ਼ਨ ਵਿੱਚ ਇਹ ਵਧੀਆ ਕਰਨਾ ਚਾਹੁੰਦਾ ਹਾਂ ਅਤੇ ਸਾਡੇ ਸਾਰੇ ਨੇਤਾਵਾਂ ਅਤੇ ਵਰਕਰਾਂ ਨੂੰ ਮਾਣ ਦਿਵਾਉਣਾ ਚਾਹੁੰਦਾ ਹਾਂ ਮੇਰੇ ਵਿੱਚੋਂ।

# ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਨੇ ਬਲਾਕ ਦਫਤਰ ਜ਼ੀਰਾ ਵਿਖੇ ਮਈ ਦਿਹਾੜਾ ਮਨਾਇਆ

## ਕੁਰਬਾਨੀਆਂ ਨਾਲ ਲਈ ਕੰਮ ਦੀ ਅਜ਼ਾਦੀ ਤੇ ਅਧੀਕਾਰ ਖੋਹਣ ਨਹੀ ਦਿੱਤਾ ਜਾਵੇਗਾ : ਗੁਰਦੇਵ ਸਿੰਘ ਸਿੱਧੂ ਸਿੱਧੂ , ਨਿਸ਼ਾਨ ਸਿੰਘ ਸਹਿਜਾਦੀ

ਜੀਰਾ / ਫਿਰੋਜ਼ਪੁਰ 1 ਮਈ(ਲੋਕ ਬਾਣੀ) ਸ਼ਿਕਾਂਗੋ ਦੇ ਸ਼ਹੀਦਾ ਦੀ ਯਾਦ ਵਿੱਚ ਮਨਾਇਆ ਜਾਂਦਾ ਮਈ ਦਿਹਾੜਾ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ 1406- 22 -ਬੀ- ਚੰਡੀਗੜ੍ਹ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406-22 -ਬੀ - ਚੰਡੀਗੜ੍ਹ ਦੇ ਵਰਕਰਾਂ ਵੱਲੋਂ ਸਾਂਝੇ ਤੌਰ ਤੇ ਜੰਗਲਾਤ ਦਫਤਰ ਬਲਾਕ ਜ਼ੀਰਾ ਵਿਖੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਇਸ ਮੌਕੇ ਜਗਲਾਤ ਵਰਕਰ ਯੂਨੀਅਨ ਪੰਜਾਬ ਦੇ ਬਲਾਕ ਪ੍ਰਧਾਨ ਜਸਵਿੰਦਰ ਸਿੰਘ ਪੰਨੂ ਜ਼ੀਰਾ ਦੀ ਅਗਵਾਈ ਹੇਠ ਕਰਵਾਏ ਗਏ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ ਦੌਰਾਨ ਆਗੂਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ । ਇਸ ਉਪਰੰਤ ਦਫਤਰ ਅੱਗੇ ਗੇਟ ਰੈਲੀ ਕੀਤੀ ਗਈ ਅਤੇ ਲਾਲ ਝੰਡਾ ਲਹਿਰਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਗੁਰਦੇਵ ਸਿੰਘ ਸਿੱਧੂ ਜਿਲ੍ਹਾ ਪ੍ਰਧਾਨ ਪ ਸ ਸ ਫ , ਨਿਸ਼ਾਨ ਸਿੰਘ ਜਿਲਾ ਪ੍ਰਧਾਨ ਜੰਗਲਾਤ ਵਰਕਰ ਯੂਨੀਅਨ ਪੰਜਾਬ, ਜਸਵਿੰਦਰ ਰਾਜ ਸ਼ਰਮਾ ਰੇਂਜ ਪ੍ਰਧਾਨ,ਕੌਰ ਸਿੰਘ ਬਲਾਕ ਪ੍ਰਧਾਨ ਪ ਸ ਸ ਫ ਜ਼ੀਰਾ , ਜਸਵਿੰਦਰ ਸਿੰਘ ਪੰਨੂ ਬਲਾਕ ਪ੍ਰਧਾਨ ਜੰਗਲਾਤ ਵਰਕਰਜ਼ ਯੂਨੀਅਨ ਜ਼ੀਰਾ ਨੇ ਕਿਹਾ ਕਿ ਸ਼ਹੀਦਾਂ ਨੇ ਆਪਣਾ ਖ਼ੂਨ ਡੋਲ੍ਹ ਕੇ ਅਤੇ ਬਲੀਦਾਨ ਦੇ ਕੇ ਸਾਨੂੰ ਅੱਠ ਘੰਟੇ ਨੌਕਰੀ ਕਰਨ ਦਾ ਸਮਾਂ ਲੈ ਕੇ ਦਿੱਤਾ ਪਰ ਹੁਣ ਸਾਡੀਆਂ ਵੋਟਾਂ ਨਾਲ ਬਣੀਆਂ ਸਰਕਾਰਾ ਸਾਡੇ ਜਮਹੂਰੀ ਹੱਕਾਂ ਨੂੰ ਖੋਹਣ ਤੇ ਉਤਰੀਆਂ ਹੋਈਆਂ ਹਨ ਜੋ ਬਰਦਾਸ਼ਤ ਨਹੀ ਕੀਤਾ ਜਾਵੇਗਾ।ਸ਼ਹੀਦਾਂ ਦਾ ਡੂਲਿਆ ਖ਼ੂਨ ਅਜਾਈਆ ਨਹੀ ਜਾਣ ਦਿੰਤਾ ਜਾਵੇਗਾ ਅਤੇ ਆਪਣੇ ਹੱਕਾਂ ਲਈ ਜੇਕਰ ਕੁਰਬਾਨੀਆਂ ਦੇਣੀਆਂ ਪਈਆਂ ਤਾਂ ਦੀਆਗੇ। ਉਨ੍ਹਾਂ ਕਿਹਾ ਕਿ ਕੁਰਬਾਨੀਆਂ ਨਾਲ ਲ ?ਏ ਕਨੂੰਨੀ ਅਧਿਕਾਰਖੋਹਣ ਨਹੀ ਦਿੱਤੇ ਜਾਣਗੇ ਅਤੇ ਚੋਣਾਂ ਦੌਰਾਨ ਵੋਟਾਂ ਮੰਗਣ ਆਏ ਲੀਡਰਾਂ ਨੂੰ ਪੁੱਛਿਆ ਜਾਵੇਗਾ।ਇਸ ਮੌਕੇ ਆਈਆਂ ਵੱਖ ਵੱਖ ਵਿਭਾਗਾਂ ਦੀਆਂ ਜੱਥੇਬੰਦੀਆਂ ਦੇ ਆਗੂਆਂ ਦਾ ਰਾਮੇਸ ਕੁਮਾਰ ਬਲਾਕ ਪ੍ਰਧਾਨ ਮੱਖੂ ਨੇ ਧੰਨਵਾਦ ਕੀਤਾ। ਇਸ ਮੌਕੇ ਸਮਾਗਮ ਨਿਸ਼ਾਨ ਸਿੰਘ ਜ਼ਿਲ੍ਹਾ ਪ੍ਰਧਾਨ, ਜਸਵਿੰਦਰ ਰਾਜ ਸ਼ਰਮਾ ਰੇਂਜ ਪ੍ਰਧਾਨ, ਗੁਰਬੀਰ ਸਿੰਘ ਸਹਿਜਾਦੀ ਸਰਕਲ ਸਕੱਤਰ , ਅਮਰਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਸੁਲੱਖਣ ਸਿੰਘ ਸਲਾਹਕਾਰ, ਦੇਸਾ ਸਿੰਘ, ਕਾਰਜ ਸਿੰਘ, ਬਲਜੀਤ ਸਿੰਘ, ਕਰਮਜੀਤ ਸਿੰਘ, ਕਾਬਲ ਸਿੰਘ, ਰਣਜੀਤ ਸਿੰਘ ਚੇਅਰਮੈਨ, ਬਲਵਿੰਦਰ ਕੁਮਾਰ ਸੈਕਟਰੀ ਤੋਂ ਇਲਾਵਾਂ ਪ ਸ ਸ ਸ ਫ ਦੇ ਬਲਾਕ ਪ੍ਰਧਾਨ ਕੌਰ ਸਿੰਘ, ਰਾਮੇਸ਼ ਕੁਮਾਰ ਕਲਰਕ , ਸਿਮਰਨਜੀਤ ਸਿੰਘ ਗਾਰਡ, ਜਸਵਿੰਦਰ ਕੌਰ ਗਾਰਡ, ਨਿਸ਼ਾਨ ਸਿੰਘ ਪ੍ਰਧਾਨ ਦਿਹਾਤੀ ਮਜ਼ਦੂਰ ਸਭਾ, ਸੁਲੱਖਣ ਸਿੰਘ ਜਰਨਲ ਸਕੱਤਰ ਪੀਡਬਲਿਊਡੀ ਆਦਿ ਹਾਜ਼ਰ ਸਨ।



# ਐਸਐਮਆਈਓਆਰਈ ਨੇ ਅਰਗਸ ਸਟੀਲ ਪ੍ਰਾਈਵੇਟ ਲਿਮਟਿਡ ਨੂੰ ਹਾਸਲ ਕੀਤਾ



ਚੰਡੀਗੜ੍ਹ, ਸੈਂਡਰ ਮੈਂਗਨੀਜ਼ ਅਤੇ ਆਇਰਨ ਓਰ ਲਿਮਿਟੇਡ ਨੇ ਅਰਗਸ ਸਟੀਲ ਪ੍ਰਾਈਵੇਟ ਲਿਮਟਿਡ ਵਿੱਚ ਨਿਯੰਤਰਣ ਵਧਾਉਣ ਲਈ ਏਡੀਵੀ ਪਾਰਟਨਰਜ਼ ਨਾਲ ਇੱਕ ਸ਼ੇਅਰ ਖਰੀਦ ਸਮਝੌਤੇ 'ਤੇ ਹਸਤਾਖਰ ਕੀਤੇ ਹਨ। ਇਹ ਸੌਦਾ 3000 ਕਰੋੜ ਰੁਪਏ ਦਾ ਹੈ ਨੇ ਇਸ ਟ੍ਰਾਂਜੈਕਸ਼ਨ ਰਾਹੀਂ ਆਪਣੇ ਭਾਰਤੀ ਪੋਰਟਫੋਲੀਓ ਤੋਂ ਇੱਕ ਹੋਰ ਸਫਲ ਨਿਕਾਸ ਕੀਤਾ ਹੈ।

ਸਟੀਲ ਅਤੇ ਵੈਲਯੂ ਐਡਿਡ ਉਤਪਾਦ ਅਤੇ ਕਈ ਸਹਿਯੋਗ ਅਤੇ ਏਕੀਕਰਣ ਲਈ ਸੰਭਾਵਨਾਵਾਂ ਖੋਲ੍ਹਦੇ ਹਨ। ਅਰਗਸ ਭਾਰਤ ਵਿੱਚ ਆਟੋਮੋਬਾਈਲ ਸੈਕਟਰ ਨੂੰ ਸਪਲਾਈ ਕਰਨ ਵਾਲੇ ਚੋਟੀ ਦੇ 5 ਵਿਸ਼ੇਸ਼ ਸਟੀਲ ਨਿਰਮਾਤਾਵਾਂ ਵਿੱਚੋਂ ਇੱਕ ਹੈ ਜੋ ਲਗਭਗ 950 ਏਕੜ ਵਿੱਚ ਫੈਲੇ 2 ਪਲਾਂਟਾਂ ਦਾ ਸੰਚਾਲਨ ਕਰਦਾ ਹੈ।

ਇਸਦਾ ਮੁੱਖ ਉਤਪਾਦਨ ਪਲਾਂਟ ਆਂਧਰਾ ਪ੍ਰਦੇਸ਼ ਵਿੱਚ ਹੈ ਅਤੇ ਇੱਕ ਹੋਰ ਪਲਾਂਟ ਪੰਜਾਬ ਵਿੱਚ ਹੈ ਜੋ ਇਸਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਅਰਗਸ ਮਾਡਰਨ ਸਟੀਲ ਪ੍ਰਾਈਵੇਟ ਲਿਮਟਿਡ ਦੁਆਰਾ ਚਲਾਇਆ ਜਾਂਦਾ ਹੈ। ਅਰਗਸ ਵਰਤਮਾਨ ਵਿੱਚ ਆਪਣੇ ਦੋਨਾਂ ਪਲਾਂਟਾਂ ਵਿੱਚ ਇੱਕ ਵੱਡੇ ਵਿਸਤਾਰ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ ਜੋ ਕਿ ਇਸਦੀ ਏਕੀਕ੍ਰਿਤ ਸਮਰੱਥਾ ਨੂੰ ਵਧਾਏਗਾ ਅਤੇ ਨਾਲ ਹੀ ਇਸਦੀਆਂ ਡਾਊਨਸਟ੍ਰੀਮ ਸਹੂਲਤਾਂ ਦਾ ਵਿਸਤਾਰ ਕਰੇਗਾ। ਭਾਰਤ ਦੁਨੀਆ ਦੇ ਸਭ ਤੋਂ ਤੇਜ਼ੀ ਨਾਲ ਵਧ ਰਹੇ ਸਟੀਲ ਅਤੇ ਆਟੋਮੋਬਾਈਲ ਬਾਜ਼ਾਰਾਂ ਵਿੱਚੋਂ ਇੱਕ ਹੈ। ਅਰਗਸ ਭਾਰਤ ਵਿੱਚ ਅਲਾਏ ਸਟੀਲ ਉਦਯੋਗ ਵਿੱਚ ਬਹੁਤ ਸਾਰੇ ਮੌਕਿਆਂ ਦਾ ਲਾਭ ਉਠਾਉਣ ਲਈ ਸਥਿਤੀ ਵਿੱਚ ਹੈ। ਆਟੋਮੋਬਾਈਲ ਤੋਂ ਇਲਾਵਾ, ਆਰਗਸ ਊਰਜਾ, ਰੇਲਵੇ, ਰੱਖਿਆ, ਇੰਜੀਨੀਅਰਿੰਗ, ਸਮੱਗਰੀ ਪ੍ਰਬੰਧਨ ਅਤੇ ਖੇਤੀਬਾੜੀ ਵਰਗੇ ਕਈ ਹੋਰ ਉਦਯੋਗਾਂ ਦੀ ਸੇਵਾ ਕਰਦਾ ਹੈ।

# ਸ਼ਰਧਾਲੂਆਂ ਦਾ 36ਵਾਂ ਜੱਥਾ ਕਰਤਾਰਪੁਰ (ਪਾਕਿ:) ਵਿਖੇ ਹੋਇਆ ਨਤਮਸਤਕ




ਸਹੀਦ ਭਗਤ ਸਿੰਘ ਨਗਰ 1 ਮਈ - ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਵਲੋਂ ਕਰਤਾਰਪੁਰ ਸਾਹਿਬ (ਪਾਕਿ:) ਦੀ ਯਾਤਰਾ ਦੀ ਸੇਵਾ ਨੂੰ ਅੱਗੇ ਵਧਾਉਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਪੁਰ ਸਾਹਿਬ (ਪਾਕਿ:) ਦੇ ਦਰਸ਼ਨਾਂ ਲਈ ਨਿਰੰਤਰ ਜੱਥੇ ਭੇਜਣ ਦਾ ਸਿਲਸਿਲਾ ਜਾਰੀ ਹੈ। ਵੱਧ ਰਹੀ ਗਰਮੀ ਅਤੇ ਫਸਲ ਦੀ ਕਟਾਈ ਦੇ ਬਾਵਜੂਦ ਵੀ ਇਸ ਮਹੀਨੇ ਦੇ ਦੂਸਰੇ ਜਥੇ ਦੇ ਰੂਪ ਵਿਚ 42 ਸ਼ਰਧਾਲੂ ਕਲ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਏ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਮਹੀਨੇ ਸੁਸਾਇਟੀ ਵਲੋਂ ਪੰਜ ਜੱਥੇ ਸ੍ਰੀ ਕਰਤਾਰਪੁਰ ਲਈ ਭੇਜੇ ਗਏ ਸਨ ਅਤੇ ਇਨਾਂ ਦੋ ਮਹੀਨਿਆਂ ਦੌਰਾਨ 400 ਤੋਂ ਵੀ ਵੱਧ ਸ਼ਰਧਾਲੂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਚੁੱਕੇ ਹਨ। ਇਸ ਵਾਰ ਬੱਸ ਅਤੇ ਨਿਜੀ ਵਾਹਨਾਂ ਰਾਹੀਂ ਗਏ ਜੱਥੇ ਦੇ ਮੈਂਬਰ ਅੰਮ੍ਰਿਤ ਵੇਲੇ ਪਹਿਲਾਂ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਇਸ ਉਪਰੰਤ ਡੇਰਾ ਬਾਬਾ ਟਰਮੀਨਲ ਰਾਹੀਂ ਪਾਕਿਸਤਾਨ ਵਿਚ ਦਾਖਲ ਹੋ ਕੇ ਕਰਤਾਰਪੁਰ ਸਾਹਿਬ ਵਿਖੇ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਸਮੂਹ ਮੈਂਬਰ ਅਰਦਾਸ ਵਿਚ ਸ਼ਾਮਲ ਹੋਏ ਅਤੇ ਬਾਅਦ ਵਿਚ ਗੁਰੂ ਕੇ ਲੰਗਰਾਂ ਵਿਚ ਸੇਵਾ ਵੀ ਕੀਤੀ। ਜੱਥੇ ਦੇ ਮੈਂਬਰਾਂ ਨੇ ਦੱਸਿਆ ਕਿ ਇਸ ਅਸਥਾਨ ਦੇ ਦਰਸ਼ਨ ਦੀਦਾਰ ਕਰਕੇ ਜੋ ਸਕੂਨ ਮਿਲਦਾ ਹੈ ਉਸਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਜੱਥਾ ਦਰਸ਼ਨ ਕਰਨ ਉਪਰੰਤ ਦੇਰ ਰਾਤ ਵਾਪਿਸ ਪਰਤ ਆਇਆ। ਇਸ ਜੱਥੇ ਵਿਚ ਨਵਾਂਸ਼ਹਿਰ ਤੋਂ ਬਲਾਚੌਰ, ਸਲੋਹ, ਕਾਹਲੋਂ, ਹਿਆਲਾ, ਬੰਗਾ, ਲਧਾਣਾ ਉੱਚਾ, ਚੀਮਾਂ ਕਲਾਂ, ਸਾਧੜਾ, ਖੋਤੜਾਂ ਆਦਿਕ ਤੋਂ ਹੋਰ ਸੰਗਤਾਂ ਵੀ ਸ਼ਾਮਲ ਸਨ। ਉਨਾਂ ਦੱਸਿਆ ਕਿ ਸੋਸਾਇਟੀ ਵਲੋਂ ਅਗਲਾ ਅਤੇ ਕੁਲ ਮਿਲਾ ਕੇ 37ਵਾਂ ਜੱਥਾ 15 ਮਈ ਨੂੰ ਭੇਜਿਆ ਜਾਵੇਗਾ ।

# ਵਿਰਾਸਤ-ਏ-ਖਾਲਸਾ ਲਾਗੇ ਜਨਤਕ ਪਖਾਨਿਆਂ 'ਚੋਂ ਨੌਜਵਾਨ ਦੀ ਸ਼ੱਕੀ ਹਾਲਤ 'ਚ ਮਿਲੀ ਲਾਸ਼



ਸ੍ਰੀ ਅਨੰਦਪੁਰ ਸਾਹਿਬ,1 ਮਈ(ਦਵਿੰਦਰਪਾਲ ਸਿੰਘ): ਸਥਾਨਕ ਵਿਰਾਸਤ-ਏ-ਖਾਲਸਾ ਦੇ ਲਾਗੇ ਬਣੇ ਜਨਤਕ ਪਖਾਨੇ ਚੋਂ ਇੱਕ ਨੌਜਵਾਨ ਲੜਕੇ ਦੀ ਸ਼ੱਕੀ ਹਾਲਤ ਵਿੱਚ ਲਾਸ਼ ਮਿਲਣ ਦੀ ਸੂਚਨਾ ਪ੍ਰਾਪਤ ਹੋਈ ਹੈ।ਘਟਨਾ ਸਥਾਨ ਅਤੇ ਸਥਾਨਕ ਪੁਲਿਸ ਅਧਿਕਾਰੀ ਹਵਲਦਾਰ ਪ੍ਰੇਮ ਕੁਮਾਰ ਤੋਂ ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਉਨਾਂ ਦੱਸਿਆ ਕਿ ਸਵੇਰੇ ਤਕਰੀਬਨ 7.15 ਵਜੇ ਪੁਲਿਸ ਨੂੰ ਫੋਨ 'ਤੇ ਸੂਚਨਾ ਮਿਲੀ ਕਿ ਇੱਥੋਂ ਦੇ ਵਾਰਡ ਨੰਬਰ- 6 'ਚ ਸਥਿਤ ਵਿਰਾਸਤ ਏ ਖਾਲਸਾ ਦੇ ਲਾਗੇ ਬਣੇ ਜਨਤਕ ਪਖਾਨੇ 'ਚ ਇੱਕ ਨੌਜਵਾਨ ਸ਼ੱਕੀ ਹਾਲਤ ਵਿੱਚ ਲੰਮਾ ਪਿਆ ਹੋਇਆ ਹੈ। ਉਨਾਂ ਵੱਲੋਂ ਮੌਕਾ ਜਾ ਕੇ ਦੇਖਿਆ ਗਿਆ ਤਾਂ ਉਕਤ ਨੌਜਵਾਨ ਮਰ ਚੁੱਕਾ ਸੀ ਅਤੇ ਉਸ ਦੇ ਹੱਥ ਪੈਰ ਨੀਲੇ ਹੋ ਗਏ ਸਨ। ਮ੍ਰਿਤਕ ਨੌਜਵਾਨ ਦੀ ਪਹਿਚਾਣ ਅਮਨਦੀਪ ਸਿੰਘ (23) ਪੁੱਤਰ ਮਨਜੀਤ ਸਿੰਘ ਵਾਸੀ ਚੰਦਪੁਰ ਬੇਲਾ ਵਜੋਂ ਹੋਈ ਹੈ। ਉਨਾਂ ਦੱਸਿਆ ਕਿ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਭਾਈ ਜੈਤਾ ਜੀ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ ਹੈ।ਜਿੱਥੇ ਡਾਕਟਰਾਂ ਵੱਲੋਂ ਪੋਸਟਮਾਰਟਮ ਕੀਤਾ ਜਾਵੇਗਾ ਅਤੇ ਡਾਕਟਰੀ ਰਿਪੋਰਟ ਮਿਲਣ ਉਪਰੰਤ ਪੁਲਿਸ ਵੱਲੋਂ ਅਗਲੀ ਕਾਰਵਾਈ ਕੀਤੀ ਜਾਵੇਗੀ।



# ਸ੍ਰੀ ਹੇਮਕੁੰਟ ਸੀਨੀਅਰ ਸੈਕੈਂਡਰੀ ਸਕੂਲ ਵਿਖੇ ਮਨਾਇਆ ਗਿਆ ਮਜ਼ਦੂਰ ਦਿਵਸ

ਕੋਟ ਇਸੇ ਖਾਂ (ਅਰੋੜਾ) ਸ੍ਰੀ ਹੇਮਕੁੰਟ ਸੀਨੀਅਰ ਸੰਕੈ.ਸਕੂਲ ਕੋਟ-ਈਸੇ-ਖਾਂ ਵਿਖੇ ਮਜ਼ਦੂਰਾਂ ਦੇ ਸਨਮਾਨ ਵਿੱਚ ਮਜ਼ਦੂਰ ਦਿਵਸ ਮਨਾਇਆ ਗਿਆ। ਸਵੇਰ ਦੀ ਵਿਸ਼ੇਸ਼ ਪ੍ਰਾਰਥਨਾ ਸਭਾ ਹੋਈ ਜਿਸ ਵਿੱਚ ਵਿਦਿਆਰਥੀਆਂ ਨੇ ਮਜ਼ਦੂਰ ਦਿਵਸ ਦੇ ਵਿਸ਼ੇ ਨਾਲ ਸਬੰਧਿਤ ਭਾਸ਼ਣ, ਕਵਿਤਾਵਾਂ ਆਦਿ ਪੇਸ਼ ਕੀਤੇ । ਭਾਸ਼ਣ ਵਿੱਚ ਕੰਮ ਦੀ ਮਹੱਤਤਾ ਬਾਰੇ ਦੱਸਿਆ ਗਿਆ ਕਿ ਕੰਮ ਹੀ ਪੂਜਾ ਹੈ ਤੇ ਕੰਮ ਕੋਈ ਛੋਟਾ ਵੱਡਾ ਨਹੀ ਹੁੰਦਾ ਅਤੇ ਸਾਨੂੰ ਸਭ ਦਾ ਸਨਮਾਨ ਕਰਨਾ ਚਾਹੀਦਾ ਹੈ । ਇਸ ਸਮੇਂ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਵਿਦਿਆਰਥੀਆਂ ਵੱਲੋਂ ਮਜ਼ਦੂਰਾਂ ਨਾਲ ਖੁਸ਼ੀਆਂ ਸਾਂਝੀਆਂ ਕਰਦੇ ਹੋਏ ਲੱਡੂ ਖਵਾਏ ਅਤੇ ਕਿਹਾ ਕਿ ਕੰਮ ਹੀ ਮਨੁੱਖ ਦੇ ਕਰਮ ਹਨ,ਮਜ਼ਦੂਰ ਸਾਡੇ ਸਮਾਜ ਦਾ ਅਹਿਮ ਅੰਗ ਹਨ ਜੋ ਸਮਾਜ ਵਿੱਚ ਮਨਮੋਹਕ ਅਤੇ ਉੱਚੀਆਂ ਇਮਾਰਤਾਂ ਦਾ ਨਿਰਮਾਣ ਕਰਕੇ ਅੱਗੇ ਵਧਾਉਣ ਵਿੱਚ ਯੋਗਦਾਨ ਦੇ ਰਹੇ ਹਨ। ਉਹਨਾਂ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਇਆ ਕਿਹਾ ਕਿ ਅੱਗੇ ਵੀ ਇਸੇ ਤਰ੍ਹਾਂ ਰੋਜ਼ ਦੇ ਕੰਮਾਂ-ਕਾਰਾ ਵਿੱਚ ਇਹਨਾਂ ਵੱਲੋਂ ਭਰਪੂਰ ਸਾਥ ਮਿਲਦਾ ਰਹੇ। ਇਸ ਮੌਕੇ ਤੇ ਐੱਮ.ਡੀ.ਮੈਡਮ ਰਣਜੀਤ ਕੌਰ ਸੰਧੂ, ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਮਜ਼ਦੂਰ ਸਾਡੇ ਜੀਵਨ ਦੇ ਮੁੱਖ ਅੰਗ ਹਨ ।ਇਹਨਾਂ ਦੁਆਰਾ ਕੀਤੇ ਕੰਮਾਂ ਨੂੰ ਅੱਖੋ ਉਹਲੇ ਨਹੀ ਕੀਤਾ ਜਾ ਸਕਦਾ ਇਹਨਾਂ ਦਾ ਸਾਡੇ ਰੋਜ਼ ਦੇ ਕੰਮਾਂ ਕਾਰਾ ਵਿੱਚ ਮੁੱਖ ਸਥਾਨ ਹੈ।

# ਪ੍ਰੈਸ ਕਲੱਬ ਸ੍ਰੀ ਆਨੰਦਪੁਰ ਸਾਹਿਬ ਦੀ ਸਰਬਸੰਮਤੀ ਦੇ ਨਾਲ ਹੋਈ ਚੋਣ

## ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਸੋਨੀ ਬਣੇ ਪ੍ਰਧਾਨ, ਨੌਜੁਆਨ ਪੱਤਰਕਾਰ ਦਵਿੰਦਰਪਾਲ ਸਿੰਘ ਜਨਰਲ ਸਕੱਤਰ ਅਤੇ ਮਧੂ ਸੂਦਨ ਬਣੇ ਕਲੱਬ ਦੇ ਚੇਅਰਮੈਨ, ਜੋਸ਼, ਤਜ਼ੁਰਬੇ ਅਤੇ ਨੌਜੁਆਨ ਹੱਥਾਂ 'ਚ ਦਿੱਤੀ ਗਈ ਕਲੱਬ ਦੀ ਕਮਾਂਡ, ਅਗਲੇ ਦੋ ਸਾਲ ਤੱਕ ਕੰਮ ਕਰੇਗੀ ਨਵੀਂ ਟੀਮ

ਸ੍ਰੀ ਅਨੰਦਪੁਰ ਸਾਹਿਬ, 1 ਮਈ(ਦਵਿੰਦਰਪਾਲ ਸਿੰਘ): ਹਰ ਵਾਰ ਦੀ ਤਰ੍ਹਾਂ ਇਸ ਵਾਰ ਪ੍ਰੈਸ ਕਲੱਬ ਸ੍ਰੀ ਆਨੰਦਪੁਰ ਸਾਹਿਬ ਦੀ ਨਵੀਂ ਟੀਮ ਦੇ ਗਠਨ ਲਈ ਅਹਿਮ ਬੈਠਕ ਪ੍ਰਧਾਨ ਦਲਜੀਤ ਸਿੰਘ ਅਰੋੜਾ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਸਮੂੰਹ ਮੈਂਬਰ ਸਹਿਬਾਨ ਨੇ ਹਿੱਸਾ ਲਿਆ।

ਇਸ ਦੌਰਾਨ ਬੀਤੇ ਕਾਰਜਕਾਲ ਦੀ ਕਾਰਗੁਜ਼ਾਰੀ ਪੇਸ਼ ਕਰਨ ਦੇ ਲਈ ਕਲੱਬ ਦੇ ਜਨਰਲ ਸਕੱਤਰ ਸੁਖਵਿੰਦਰ ਪਾਲ ਸਿੰਘ ਸੁੱਖੂ ਨੇ ਪ੍ਰਧਾਨ ਅਤੇ ਚੇਅਰਮੈਨ ਨੂੰ ਬੋਲਣ ਦਾ ਸਮਾਂ ਦਿੱਤਾ। ਜਿਸ ਤੇ ਦੋਵਾਂ ਨੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਕਲੱਬ ਦੀਆਂ ਪ੍ਰਾਪਤੀਆਂ ਤੋਂ ਜਾਣੂੰ ਕਰਵਾਇਆ। ਇਸ ਦੌਰਾਨ ਨਵੀਂ ਟੀਮ ਦੇ ਗਠਨ ਲਈ ਦਲਜੀਤ ਸਿੰਘ ਅਰੋੜਾ ਵੱਲੋਂ ਪ੍ਰਧਾਨ ਦੇ ਅਹੁਦੇ ਲਈ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਸੋਨੀ ਦੇ ਨਾਮ ਦੀ ਤਜ਼ਵੀਜ਼ ਪੇਸ਼ ਕੀਤੀ ਗਈ। ਜਿਸਦੀ ਤਾਈਦ ਚੇਅਰਮੈਨ ਨਰਿੰਦਰ ਸ਼ਰਮਾ ਵੱਲੋਂ ਕੀਤੀ ਅਤੇ ਸਮੂੰਹ ਮੈਂਬਰਾਂ ਨੇ ਸਰਬਸੰਮਤੀ ਦੇ ਨਾਲ ਸੋਨੀ ਦੇ ਨਾਮ ਤੇ ਸਹਿਮਤੀ ਜਤਾਈ। ਇਸ ਉਪਰੰਤ ਜਨਰਲ ਸਕੱਤਰ ਦੇ ਅਹੁਦੇ ਲਈ ਜਗਦੇਵ ਸਿੰਘ




ਦਿਲਬਰ ਵੱਲੋਂ ਨੌਜੁਆਨ ਪੱਤਰਕਾਰ ਤੇ ਵੱਖ-ਵੱਖ ਸਮਾਜ ਸੇਵਾ ਵਿੱਚ ਨਾਮਣਾ ਖੱਟਣ ਵਾਲੇ ਦਵਿੰਦਰ ਪਾਲ ਸਿੰਘ ਦਾ ਨਾਮ ਪੇਸ਼ ਕੀਤਾ ਗਿਆ। ਜਿਸਦੀ ਸਹਿਮਤੀ ਰਾਜ ਘਈ, ਮਨਪ੍ਰੀਤ ਸਿੰਘ ਮਿੱਟੂ, ਅੰਕੁਸ਼ ਕੁਮਾਰ, ਅਰਵਿੰਦਰ ਬਿੰਦੀ ਵੱਲੋਂ ਕੀਤੀ ਗਈ।

ਇਸ ਮੌਕੇ ਸੀਨੀਅਰ ਪੱਤਰਕਾਰ ਜਰਨੈਲ ਸਿੰਘ ਨਿੱਕੂਵਾਲ ਵੱਲੋਂ ਚੇਅਰਮੈਨ ਦੇ ਅਹੁਦੇ ਲਈ ਤਜ਼ੁਰਬੇਕਾਰ ਪੱਤਰਕਾਰ ਮਧੂ ਸੂਦਨ ਦਾ ਨਾਮ ਪੇਸ਼ ਕੀਤਾ ਗਿਆ। ਜਿਸਦੀ ਤਾਈਦ ਕਰਨੈਲ ਸਿੰਘ ਸੈਣੀ ਵੱਲੋਂ ਕੀਤੀ ਗਈ ਅਤੇ ਸਮੂੰਹ ਪੱਤਰਕਾਰਾਂ ਨੇ ਇਸਦੀ ਸਹਿਮਤੀ ਦਿੱਤੀ। ਇਸ ਮੌਕੇ ਬੋਲਦੇ ਹੋਏ ਬੀ.ਐਸ.ਚਾਨਾ, ਰਾਜਪਾਲ ਆਂਗਰਾ, ਨਰਿੰਦਰ ਕੁਮਾਰ ਨੱਢਾ,ਗੋਪਾਲ ਸ਼ਰਮਾ ਨੇ ਕਿਹਾ ਕਿ ਇਸ ਵਾਰ ਚੁਣੀ ਗਈ ਟੀਮ ਤਜ਼ੁਰਬੇ ਅਤੇ ਜੋਸ਼ੀਲੀਆਂ ਕਲਮਾਂ ਦੇ ਨਾਲ-ਨਾਲ ਨੌਜੁਆਨ ਹੱਥਾਂ ਵਿੱਚ ਦਿੱਤੀ ਗਈ ਹੈ। ਜੋ ਅਗਲੇ ਦੋ ਸਾਲਾਂ ਤੱਕ ਕਲੱਬ ਦੀ ਬਿਹਤਰੀ, ਸਮਾਜ ਨੂੰ ਨਵੀਂ ਸੇਧ ਦੇਣ ਅਤੇ ਪੀਲੀ ਪੱਤਰਕਾਰੀ ਤੋਂ ਪਵਿੱਤਰ ਧਰਤੀ ਨੂੰ ਬਚਾਉਣ ਦੇ ਲਈ ਯਤਨਸ਼ੀਲ ਰਹੇਗੀ। ਇਸ ਮੌਕੇ ਤੇ ਹਾਜ਼ਰ ਸਮੂੰਹ ਪੱਤਰਕਾਰਾਂ ਭਾਈਚਾਰੇ ਨੇ ਕਲੱਬ ਦੀ ਚੁਣੀ ਟੀਮ ਨੂੰ ਮੁਬਾਰਕਬਾਦ ਦਿੱਤੀ।


ਜ਼ਿਲ੍ਹਾ ਪ੍ਰੈਸ ਕਲੱਬ ਐਸੋਸੀਏਸ਼ਨ ਹਰ ਸਮੇਂ ਸ੍ਰੀ ਆਨੰਦਪੁਰ ਸਾਹਿਬ ਪ੍ਰੈਸ ਕਲੱਬ ਦੇ ਨਾਲ ਖੜੀ ਹੈ:-ਬਹਾਦਰਜੀਤ ਸਿੰਘ।

ਅੱਜ ਨਵੀਂ ਚੁਣੀ ਟੀਮ ਨੂੰ ਮੁਬਾਰਕਬਾਦ ਦਿੰਦੇ ਹੋਏ ਜ਼ਿਲ੍ਹਾ ਪ੍ਰੈਸ ਕਲੱਬ ਐਸੋਸੀਏਸ਼ਨਜ਼ ਦੇ ਪ੍ਰਧਾਨ ਬਹਾਦਰਜੀਤ ਸਿੰਘ, ਜਨਰਲ ਸਕੱਤਰ ਕੁਲਵਿੰਦਰਜੀਤ ਸਿੰਘ ਭਾਟੀਆ ਨੇ ਕਿਹਾ ਕਿ ਸੁਰਿੰਦਰ ਸਿੰਘ ਸੋਨੀ ਅਤੇ ਉਨ੍ਹਾਂ ਦੀ ਟੀਮ ਵਧਾਈ ਦੀ ਪਾਤਰ ਹੈ। ਉਨ੍ਹਾਂ ਸ੍ਰੀ ਆਨੰਦਪੁਰ ਸਾਹਿਬ ਪ੍ਰੈਸ ਕਲੱਬ ਨੇ ਸਮੂੰਹ ਮੈਂਬਰਾਂ ਨੂੰ ਵੀ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਕਲੱਬ ਨੇ ਮਿਸਾਲ ਪੈਦਾ ਕੀਤੀ ਹੈ ਕਿ ਹਰ ਵਾਰ ਨਵੀਂ ਟੀਮ ਸਰਬਸੰਮਤੀ ਨਾਲ ਚੁਣ ਕੇ ਇੱਕ ਚੰਗਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# ਕਿਰਤੀ, ਕਾਮੇ, ਕਿਸਾਨ ਹੀ ਦੌਲਤ ਦੇ ਅਸਲੀ ਮਾਲਕ - ਕਾਮਰੇਡ ਸੀਮਾ ਸੋਹਲ

ਤਰਨਤਾਰਨ – ਭਾਰਤੀ ਕਮਿਊਨਿਸਟ ਪਾਰਟੀ ਵਲੋਂ ਹਰ ਸਾਲ ਦੀ ਤਰ੍ਹਾਂ ਅੱਜ ਪਹਿਲੀ ਮਈ ਦਾ ਮਹਾਨ ਦਿਨ ਸਥਾਨਕ ਕਾਮਰੇਡ ਸਵਰਨ ਸਿੰਘ ਸੋਹਲ ਭਵਨ ਵਿਖੇ ਦਵਿੰਦਰ ਸੋਹਲ ਦੀ ਅਗਵਾਈ ਵਿੱਚ ਮਨਾਇਆ ਗਿਆ। ਝੰਡਾ ਝੁਲਾਉਣ ਦੀ ਰਸਮ ਕਾਮਰੇਡ ਬਲਵਿੰਦਰ ਸਿੰਘ ਮੂਸੇ ਤੇ ਗੁਲਜ਼ਾਰ ਸਿੰਘ ਕੋਟ ਨੇ ਕੀਤੀ ? ਇਸ ਮੌਕੇ ਤੇ ਸੀਮਾ ਸੋਹਲ ਨੇ ਕਿਹਾ ਕਿ ਪਹਿਲੀ ਮਈ ਮਜ਼ਦੂਰ ਦਿਵਸ ਮੌਕੇ ਅੱਜ ਸਭ ਮਿਹਨਤਕਸ਼ ਲੋਕਾਂ ਨੂੰ ਉੱਚੀ ਅਵਾਜ਼ ਵਿੱਚ ਬੋਲਣਾ ਚਾਹੀਦਾ ਹੈ ਕਿ ਇਸ ਧਰਤੀ ਤੇ ਜਿਹੜੇ ਦੌਲਤ ਦੇ ਢੇਰ ਲੱਗੇ ਹਨ, ਉਸਦੇ ਅਸਲੀ ਮਾਲਕ ਮਜ਼ਦੂਰ ਕਿਸਾਨ ਤੇ ਮਿਹਨਤਕਸ਼ ਲੋਕ ਹਨ ਪਰ ਪੂੰਜੀਵਾਦੀ ਰਾਜ ਪ੍ਰਬੰਧ ਹੋਣ ਕਾਰਨ ਕਾਰਪੋਰੇਟ ਘਰਾਣਿਆਂ ਨੇ ਮਿਹਨਤਕਸ਼ ਲੋਕਾਂ ਦੀ ਦੌਲਤ ਤੇ ਕਬਜ਼ਾ ਕੀਤਾ ਹੋਇਆ ਹੈ। ਅੱਜ ਮਿਹਨਤ ਕਰਨ ਵਾਲਾ ਜ਼ਿੰਦਗੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਰਸ ਰਿਹਾ ਹੈ ਪਰ ਕਾਰਪੋਰੇਟ ਘਰਾਣੇ ਆਪਣੀ ਦੌਲਤ ਵਧਾਈ ਜਾ ਰਹੇ ਹਨ। ਉਹਨਾਂ ਕਿਹਾ ਕਿ ਅੱਜ ਦੇਸ਼ ਵਿੱਚ ਭਾਜਪਾ ਸਰਕਾਰ ਲੋਕਾਂ ਦੀ ਦੌਲਤ ਅਡਾਨੀ ਅੰਬਾਨੀ ਦੇ ਹਵਾਲੇ ਕਰ ਰਹੀ ਹੈ ਅਤੇ ਲੋਕਾਂ ਨੂੰ ਧਰਮ ਦੇ ਨਾਂ ਤੇ ਵੰਡ ਰਹੀ ਹੈ,ਸੋ ਇਸਨੂੰ ਚਲਦਾ ਕਰਨਾ ਸਮੇਂ ਦੀ ਲੋੜ ਹੈ। ਉਹਨਾਂ ਮੰਗ ਕੀਤੀ ਕਿ ਹਰ ਇੱਕ ਨੂੰ ਰੁਜ਼ਗਾਰ ਅਤੇ ਘੱਟੋ ਘੱਟ ਮਿਹਨਤਾਨਾ 26000/– ਕੀਤਾ ਜਾਵੇ। ਹਰ ਕਿਰਤੀ ਕਾਮੇ ਕਿਸਾਨ ਦੀ ਬੁੱਢਾਪਾ ਪੈਨਸ਼ਨ 10000/– ਰੁਪਏ ਮਹੀਨਾ ਨਿਸ਼ਚਿਤ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਮਾ ਸੋਹਲ,ਗੁਰਸ਼ਰਨ ਸਿੰਘ ਬਾਬਾ, ਜਗਤਾਰ ਸਿੰਘ ਜੱਗਾ, ਅਰਵਿੰਦ ਗੁਪਤਾ, ਗਿਆਨ ਸਿੰਘ ਠੱਠਾ, ਬਲਵਿੰਦਰ ਕੌਰ ਰਾਣੀ, ਹਰੀਸ਼ ਸੋਹਲ, ਕੰਵਲਜੀਤ ਢਿੱਲੋਂ, ਬਖਤਾਵਰ ਸਿੰਘ ਸੈਕਟਰੀ, ਕੋਮਲ ਪ੍ਰੀਤ ਕੌਰ, ਜਥੇਦਾਰ ਅਮਰੀਕ ਸਿੰਘ, ਪੱਪੂ ਮਤੋਟੀਆ, ਘੁੱਗੀ ਚਾਹ ਵਾਲਾ, ਸ਼ਿੰਦਰ ਸਿੰਘ ਮੂਸੇ, ਬਿੰਨੂ ਮੂਸੇ.........

# ਜੇਕਰ ਕਿਸੇ ਇੱਕ ਸਿਆਸੀ ਪਾਰਟੀ ਨੇ ਐੱਸਸੀ, ਐੱਸਟੀ ਅਤੇ ਉਬੀਸੀ ਦੇ ਰਾਖਵੇਂਕਰਨ ਨੂੰ ਲੁੱਟਿਆ ਹੈ ਤਾਂ ਉਹ ਕਾਂਗਰਸ ਹੈ: ਅਮਿਤ ਸ਼ਾਹ



ਚੰਡੀਗੜ੍ਹ, ਲੋਕ ਸਭਾ ਚੋਣਾਂ ਦੇ 7 ਵਿੱਚੋਂ 2 ਗੇੜ ਖਤਮ ਹੋ ਗਏ ਹਨ ਅਤੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਤੀਜੇ ਪੜਾਅ ਦੀ ਚੋਣ ਪ੍ਰਚਾਰ ਲਈ ਪੂਰੀ ਤਾਕਤ ਨਾਲ ਮੈਦਾਨ ਵਿੱਚ ਉਤਰ ਗਏ ਹਨ। ਅਮਿਤ ਸ਼ਾਹ ਦੇਸ਼ ਭਰ ਦੇ ਰਾਜਾਂ ਵਿੱਚ ਜਨਤਕ ਮੀਟਿੰਗਾਂ ਅਤੇ ਰੋਡ ਸ਼ੋਅ ਰਾਹੀਂ ਲੋਕਾਂ ਦੇ ਸੰਪਰਕ ਵਿੱਚ ਹਨ। ਇਸ ਸਬੰਧ ‘ਚ ਅਮਿਤ ਸ਼ਾਹ ਨੇ ਅਸਾਮ ਦੇ ਗੁਹਾਟੀ ‘ਚ ਭਾਰਤੀ ਜਨਤਾ ਪਾਰਟੀ ਦੇ ਸੂਬਾ ਦਫਤਰ ‘ਚ ਆਯੋਜਿਤ ਇਕ ਮਹੱਤਵਪੂਰਨ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਅਤੇ ਕਾਂਗਰਸ ਸਮੇਤ ਭਾਰਤੀ ਗਠਜੋੜ ਵੱਲੋਂ ਸੰਵਿਧਾਨ ਨੂੰ ਬਦਲਣ ਅਤੇ ਭਾਜਪਾ ਵਿਰੁੱਧ ਰਾਖਵਾਂਕਰਨ ਖਤਮ ਕਰਨ ਬਾਰੇ ਗੁੰਮਰਾਹਕੁੰਨ ਅਤੇ ਫਰਜ਼ੀ ਖਬਰਾਂ ਦਾ ਖੰਡਨ ਕੀਤਾ। ਭਾਰਤੀ ਰਾਜਨੀਤੀ ਨੂੰ ਨਵੀਂ ਪਛਾਣ ਦੇਣ ਵਾਲੇ ਅਮਿਤ ਸ਼ਾਹ ਨੇ ਸਪੱਸ਼ਟ ਕੀਤਾ ਕਿ ਜੇਕਰ ਕਿਸੇ ਇੱਕ ਸਿਆਸੀ ਪਾਰਟੀ ਨੇ ਐੱਸਸੀ, ਐੱਸਟੀ ਅਤੇ ਉਬੀਸੀ ਦੇ ਰਾਖਵੇਂਕਰਨ ਨੂੰ ਲੁੱਟਿਆ ਹੈ ਤਾਂ ਉਹ ਕਾਂਗਰਸ ਹੈ।

ਹਾਲ ਹੀ ਵਿੱਚ ਕਾਂਗਰਸ ਨੇ ਇੱਕ ਫਰਜ਼ੀ ਵੀਡੀਓ ਰਾਹੀਂ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਜੇਕਰ ਭਾਰਤੀ ਜਨਤਾ ਪਾਰਟੀ ਨੂੰ 400 ਤੋਂ ਵੱਧ ਸੀਟਾਂ ਮਿਲ ਜਾਂਦੀਆਂ ਹਨ ਤਾਂ ਮੋਦੀ ਸਰਕਾਰ ਸੰਵਿਧਾਨ ਵਿੱਚ ਬਦਲਾਅ ਕਰਕੇ ਰਾਖਵਾਂਕਰਨ ਖ਼ਤਮ ਕਰ ਦੇਵੇਗੀ। ਪਰ ਮੋਦੀ ਸਰਕਾਰ ਦੇ 10 ਸਾਲਾਂ ਦੇ ਟਰੈਕ ਰਿਕਾਰਡ ਤੋਂ ਇਹ ਦੋਸ਼ ਬੇਬੁਨਿਆਦ ਅਤੇ ਤੱਥਹੀਣ ਲੱਗਦਾ ਹੈ। ਦੇਸ਼ ਦੀ ਜਨਤਾ ਨੇ ਸਾਲ 2014 ਅਤੇ ਸਾਲ 2019 ਵਿੱਚ ਵੀ ਭਾਰਤੀ ਜਨਤਾ ਪਾਰਟੀ ਨੂੰ ਪੂਰਨ ਬਹੁਮਤ ਦਿੱਤਾ ਸੀ। ਭਾਜਪਾ 10 ਸਾਲਾਂ ਤੋਂ ਪੂਰੇ ਬਹੁਮਤ ਨਾਲ ਸਰਕਾਰ ਚਲਾ ਰਹੀ ਹੈ, ਪਰ ਐਮਰਜੈਂਸੀ ਲਗਾਉਣ ਅਤੇ ਲੋਕ ਸਭਾ ਦਾ ਕਾਰਜਕਾਲ ਵਧਾਉਣ ਲਈ ਕਾਂਗਰਸ ਵਾਂਗ ਇਸ ਦੀ ਦੁਰਵਰਤੋਂ ਨਹੀਂ ਕੀਤੀ। ਮੋਦੀ ਜੀ ਦੀ ਅਗਵਾਈ ਅਤੇ ਅਮਿਤ ਸ਼ਾਹ ਦੀ ਯੋਗ ਅਗਵਾਈ ਹੇਠ, ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣੇ ਪੂਰਨ ਬਹੁਮਤ ਦੀ ਵਰਤੋਂ ਕਰਦਿਆਂ ਧਾਰਾ 370 ਨੂੰ ਹਟਾਉਣ, ਤਿੰਨ ਤਲਾਕ ਨੂੰ ਖਤਮ ਕਰਨ, ਅੰਗਰੇਜ਼ਾਂ ਦੁਆਰਾ ਬਣਾਏ ਕਾਨੂੰਨਾਂ ਨੂੰ ਬਦਲਣ, ਕੋਰੋਨਾ ਮਹਾਂਮਾਰੀ ਵਿੱਚ ਲੌਕਡਾਊਨ ਲਾਗੂ ਕਰਨ, ਸੀ.ਏ.ਏ. ਅਤੇ ਪ੍ਰਭੂ ਨੇ ਇਹ ਸ਼੍ਰੀ ਰਾਮ ਮੰਦਰ ਦੇ ਨਿਰਮਾਣ ਲਈ ਰਾਹ ਪੱਧਰਾ ਕਰਨ ਲਈ ਕੀਤਾ ਹੈ। ਦੇਸ਼ ਦੀ ਜਨਤਾ ਜਾਣ ਚੁੱਕੀ ਹੈ ਕਿ ਕਾਂਗਰਸ ਪਾਰਟੀ ਝੂਠ ਫੈਲਾ ਕੇ ਲੋਕਾਂ ਵਿੱਚ ਭੰਬਲਭੂਸਾ ਪੈਦਾ ਕਰਨਾ ਚਾਹੁੰਦੀ ਹੈ।

ਆਂਧਰਾ ਪ੍ਰਦੇਸ਼ ਅਤੇ ਕਰਨਾਟਕ ਦੀ ਕਾਂਗਰਸ ਸਰਕਾਰ ਨੇ ਐੱਸਸੀ, ਐੱਸਟੀ ਅਤੇ ਉਬੀਸੀ ਦੇ ਅਧਿਕਾਰਾਂ ਨੂੰ ਖਤਮ ਕਰਕੇ ਧਾਰਮਿਕ ਆਧਾਰ ‘ਤੇ ਗੈਰ-ਸੰਵਿਧਾਨਕ ਤਰੀਕੇ ਨਾਲ ਮੁਸਲਮਾਨਾਂ ਨੂੰ ਰਾਖਵਾਂਕਰਨ ਦੇਣ ਦਾ ਕੰਮ ਕੀਤਾ। ਅੰਤੋਦਿਆ ਦੀ ਰਾਜਨੀਤੀ ਕਰਨ ਵਾਲੇ ਅਮਿਤ ਸ਼ਾਹ ਦਾ ਮੰਨਣਾ ਹੈ ਕਿ ਧਰਮ ਅਧਾਰਤ ਰਾਖਵਾਂਕਰਨ ਗੈਰ-ਸੰਵਿਧਾਨਕ ਹੈ ਅਤੇ ਜੇਕਰ ਇਹਨਾਂ ਰਾਜਾਂ ਵਿੱਚ ਭਾਜਪਾ ਦੀ ਸਰਕਾਰ ਆਉਂਦੀ ਹੈ ਤਾਂ ਧਰਮ ਅਧਾਰਤ ਰਾਖਵਾਂਕਰਨ ਖਤਮ ਕਰ ਦਿੱਤਾ ਜਾਵੇਗਾ ਅਤੇ ਐਸ.ਸੀ., ਐਸ.ਟੀ ਅਤੇ ਓ.ਬੀ.ਸੀ. ਨੂੰ ਇਨਸਾਫ਼ ਦਿੱਤਾ ਜਾਵੇਗਾ। ਪੂਰਾ ਦੇਸ਼ ਜਾਣਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਓਬੀਸੀ ਭਾਈਚਾਰੇ ਵਿੱਚੋਂ ਹਨ, ਉਨ੍ਹਾਂ ਦੀ ਕੈਬਨਿਟ ਵਿੱਚ 27% ਮੰਤਰੀ ਓ.ਬੀ.ਸੀ. ਭਾਜਪਾ ਐਸਸੀ, ਐਸਟੀ ਅਤੇ ਓਬੀਸੀ ਲਈ ਰਾਖਵੇਂਕਰਨ ਦੀ ਸਭ ਤੋਂ ਵੱਡੀ ਸਮਰਥਕ ਹੈ।

ਆਜ਼ਾਦੀ ਤੋਂ ਬਾਅਦ ਦੇਸ਼ ਦੇ ਲੋਕਾਂ ਨੇ ਦਹਾਕਿਆਂ ਤੱਕ ਕਾਂਗਰਸ ਦਾ ਰਾਜ ਦੇਖਿਆ ਹੈ, ਜਦੋਂ ਗਰੀਬ ਹੋਰ ਗਰੀਬ ਹੁੰਦਾ ਗਿਆ। ਜਨਤਾ ਨੇ ਮੋਦੀ ਸਰਕਾਰ ਦੀਆਂ ਪਿਛਲੇ 10 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਵੀ ਦੇਖਿਆ ਹੈ, ਜਦੋਂ 25 ਕਰੋੜ ਗਰੀਬ ਗਰੀਬੀ ਰੇਖਾ ਤੋਂ ਬਾਹਰ ਆ ਚੁੱਕੇ ਹਨ ਅਤੇ ਭਾਰਤ ਨੂੰ ਦੁਨੀਆ ਭਰ ਵਿੱਚ ਇੱਕ ਨਵੀਂ ਪਛਾਣ ਮਿਲ ਰਹੀ ਹੈ। ਜਦੋਂ ਮੋਦੀ ਜੀ ਦੇ 10 ਸਾਲ ਕਾਂਗਰਸ ਦੇ 55 ਸਾਲਾਂ ਤੋਂ ਵੱਧ ਰਹੇ ਹਨ ਤਾਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਦੇ ਲੋਕਾਂ ਦਾ ਮੂਡ ਕੀ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਭਾਰਤੀ ਰਾਜਨੀਤੀ ਦੇ ਚਾਣਕਿਆ ਅਮਿਤ ਸ਼ਾਹ 2024 ਦੀਆਂ ਲੋਕ ਸਭਾ ਚੋਣਾਂ ‘ਚ ਭਗਵਾ ਲਹਿਰਾਉਣ ਲਈ ਪੂਰੀ ਤਿਆਰੀ ਨਾਲ ਮੈਦਾਨ ‘ਚ ਉਤਰੇ ਹਨ। ਸ਼ਾਹ ਦਾ ਮੈਦਾਨ ਵਿੱਚ ਆਉਣਾ ਆਪਣੇ ਆਪ ਵਿੱਚ ਜਿੱਤ ਦੀ ਗਾਰੰਟੀ ਹੈ। ਵਿਰੋਧੀ ਧਿਰ ਦਾ ਇਹ ਵੀ ਮੰਨਣਾ ਹੈ ਕਿ ਸ਼ਾਹ ਦੇ ਤਰਕਸ਼ ਵਿੱਚ ਤੀਰਾਂ ਦਾ ਕੋਈ ਜਵਾਬ ਨਹੀਂ ਹੈ। ਅਜਿਹੇ ਵਿੱਚ ਇਹ ਮੰਨ ਲੈਣਾ ਚਾਹੀਦਾ ਹੈ ਕਿ ਮੋਦੀ ਜੀ 2024 ਵਿੱਚ 400 ਪਾਰ ਦੇ ਨਾਲ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਗੇ। ਇਕ ਹੋਰ ਸੱਚਾਈ ਇਹ ਵੀ ਹੈ ਕਿ ਇਸ ਲੋਕ ਸਭਾ ਚੋਣਾਂ ਵਿਚ ਮੋਦੀ ‘ਜਾਦੂ’ ਦੇ ਨਾਲ-ਨਾਲ ਸ਼ਾਹ ‘ਫੈਕਟਰ’ ਦੀ ਭੂਮਿਕਾ ਵੀ ਅਹਿਮ ਹੋਵੇਗੀ।

# ਛੋਟੀ ਵਾਲਮੀਕ ਮਾਜਰੀ ਖਰੜ ਵਲੋਂ ਰਾਜਿੰਦਰ ਸਿੰਘ ਮਿਊਸਪਲ ਕੌਂਸਲਰ ਦਾ ਕੀਤਾ ਸਨਮਾਨ



ਖਰੜ,1 ਮਈ,ਲੋਕ ਬਾਣੀ (ਕਾਲਾ ਸਿੰਘ ਸੈਣੀ)– ਗੁਰੂ ਗਿਆਨ ਨਾਥ ਵਾਲਮੀਕ ਧਰਮ ਸਮਾਜ ਵਲੋਂ ਖਰੜ ਦੇ ਮਿਊਸਪਲ ਕੌਂਸਲਰ ਅਤੇ ਨੰਬਰਦਾਰ ਰਾਜਿੰਦਰ ਸਿੰਘ ਨੂੰ ਰਾਜਨੀਤਿਕ ਵਿੰਗ ਪੰਜਾਬ ਦਾ ਪ੍ਰਧਾਨ ਬਣਨ ਦੀ ਖੁਸ਼ੀ ਵਿਚ ਛੋਟੀ ਵਾਲਮੀਕ ਮਾਜਰੀ ਖਰੜ ਸਥਿਤ ਮੰਦਰ ਵਿਚ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਛੋਟੀ ਵਾਲਮੀਕ ਮਾਜਰੀ ਖਰੜ ਦੀ ਕਮੇਟੀ ਅਤੇ ਵਸਨੀਕਾਂ ਵਲੋਂ ਉਨ੍ਹਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਹ ਵਾਲਮੀਕ ਸਮਾਜ ਲਈ ਵੱਧ ਤੋਂ ਵੱਧ ਕੰਮ ਕਰਕੇ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਵਾਉਣਗੇ। ਇਸ ਮੌਕੇ ਜਤਿੰਦਰ ਕੁਮਾਰ, ਮਾਮ ਚੰਦ, ਭਿੰਦਰ ਕੌਰ, ਨੇਹਾ ਦੇਵੀ, ਪਰਦੀਪ ਕੁਮਾਰ, ਅਸ਼ੋਕ ਕੁਮਾਰ, ਅਮਨਦੀਪ, ਟੋਨੀ,ਮੋਹਿਤ ਕੁਮਾਰ,ਅਰੁਨ ਕੁਮਾਰ, ਵਿਸ਼ਾਲ ਕੁਮਾਰ, ਸਮੇਤ ਹੋਰ ਮੁਹੱਲਾ ਨਿਵਾਸੀ ਹਾਜ਼ਰ ਸਨ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਮਈ ਦਿਵਸ ਮੁੜ ਮਨਾਇਆ: ਪਰ ਮਜ਼ਦੂਰ ਅਜੇ ਵੀ ਸਮੱਸਿਆਵਾਂ ਨਾਲ ਜੂਝ ਰਹੇ ਹਨ ਅਤੇ ਖੁਸ਼ੀਆਂ ਤੋਂ ਕੋਹਾਂ ਦੂਰ ਹਨ

**ਜੋ ਵੀ ਗਰੀਬ ਹੈ ਉਹ ਮਜ਼ਦੂਰ ਜਾਂ ਭਿਖਾਰੀ ਹੈ - ਗਰੀਬੀ ਸ਼ਬਦ ਹੀ ਮਜ਼ਦੂਰ ਦਿਵਸ ਸ਼ਬਦ ਦਾ ਮੂਲ ਹੈ - ਅਮਰੀਕਾ ਵਿੱਚ ਮਜ਼ਦੂਰ ਦਿਵਸ ਮਨਾਉਣ ਦਾ ਪ੍ਰਸਤਾਵ 1 ਮਈ, 1889 ਨੂੰ ਲਾਗੂ ਹੋਇਆ ਸੀ, ਪਰ ਭਾਰਤ ਵਿੱਚ ਇਹ ਲਗਭਗ 34 ਸਾਲਾਂ ਬਾਅਦ ਸ਼ੁਰੂ ਹੋਇਆ।**

ਕਾਨਪੁਰ (ਸੁਨੀਲ ਬਾਜਪਾਈ) ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 1 ਮਈ ਯਾਨੀ ਕਿ ਮਜ਼ਦੂਰ ਦਿਵਸ ਮਨਾਇਆ ਗਿਆ। ਰੈਲੀਆਂ ਹੋਈਆਂ। ਮੀਟਿੰਗਾਂ ਕੀਤੀਆਂ ਗਈਆਂ। ਸਮੱਸਿਆਵਾਂ ਵਿਰੁੱਧ ਸੰਘਰਸ਼ ਦਾ ਐਲਾਨ ਕੀਤਾ ਗਿਆ। ਸਭ ਕੁਝ ਬਿਲਕੁਲ ਉਸੇ ਤਰ੍ਹਾਂ ਹੈ ਜਿਵੇਂ ਹਰ ਸਾਲ ਮਈ ਭਾਵ ਮਜ਼ਦੂਰ ਦਿਵਸ 'ਤੇ ਕੀਤਾ ਜਾਂਦਾ ਹੈ। ਅਤੇ ਸ਼ਾਇਦ ਇਹ ਹਮੇਸ਼ਾ ਭਵਿੱਖ ਵਿੱਚ ਇਸ ਤਰ੍ਹਾਂ ਕੀਤਾ ਜਾਵੇਗਾ. ਇਸ ਸੰਦਰਭ ਵਿੱਚ ਇਹ ਮੰਨਣਾ ਅਣਉਚਿਤ ਨਹੀਂ ਹੋਵੇਗਾ ਕਿ ਗ਼ਰੀਬੀ ਸ਼ਬਦ ਮਜ਼ਦੂਰ ਦਿਵਸ ਦਾ ਜਨਮਦਾਤਾ ਹੈ। ਅਤੇ ਜੇਕਰ ਗਰੀਬੀ ਨਾ ਹੁੰਦੀ ਤਾਂ ਸ਼ਾਇਦ ਮਜ਼ਦੂਰ ਦਿਵਸ ਮਨਾਉਣ ਦੀ ਲੋੜ ਹੀ ਨਾ ਪੈਂਦੀ। ਇਕ ਤਰ੍ਹਾਂ ਨਾਲ ਅਸੀਂ ਸਾਰੇ ਮਜ਼ਦੂਰ ਹਾਂ, ਫਰਕ ਸਿਰਫ ਇਹ ਹੈ। ਕੁਝ ਅਮੀਰ ਮਜ਼ਦੂਰ ਹਨ ਅਤੇ ਕੁਝ ਗਰੀਬ ਮਜ਼ਦੂਰ ਹਨ। - - ਅਤੇ ਉਨ੍ਹਾਂ ਵਿੱਚ ਅਮੀਰ ਮਜ਼ਦੂਰਾਂ ਨਾਲੋਂ ਗਰੀਬ ਮਜ਼ਦੂਰ ਜ਼ਿਆਦਾ ਹਨ। ਇਹ ਮਈ ਦਿਵਸ ਗਰੀਬ ਮਜ਼ਦੂਰਾਂ ਦਾ ਹੈ। ਅਤੇ ਇਹ ਹਮੇਸ਼ਾ ਇਸ ਤਰ੍ਹਾਂ ਮਨਾਇਆ ਜਾਵੇਗਾ ਕਿਉਂਕਿ ਅਜਿਹਾ ਨਹੀਂ ਲੱਗਦਾ ਕਿ ਗਰੀਬ ਮਜ਼ਦੂਰਾਂ ਦੀ ਗਿਣਤੀ ਅਮੀਰ ਮਜ਼ਦੂਰਾਂ ਤੋਂ ਵੱਧ ਹੋਵੇਗੀ। ਇੱਥੇ ਅਮੀਰ ਮਜ਼ਦੂਰਾਂ ਤੋਂ ਭਾਵ ਉਹ ਸਾਰੇ ਹਨ ਜੋ ਗਰੀਬ ਮਜ਼ਦੂਰਾਂ ਵਾਂਗ ਅੱਜ ਵੀ ਭੁੱਖੇ ਨਹੀਂ ਸੌਂਦੇ। ਜੋ ਅੱਜ ਵੀ ਬੁਨਿਆਦੀ ਸਹੂਲਤਾਂ ਤੋਂ ਕੋਹਾਂ ਦੂਰ ਹਨ।



ਅੱਜ ਵੀ ਉਨ੍ਹਾਂ ਨੂੰ ਆਪਣੀਆਂ ਧੀਆਂ ਦੇ ਵਿਆਹ ਲਈ ਭੀਖ ਮੰਗਣੀ ਪੈਂਦੀ ਹੈ। ਜੋ ਅੱਜ ਵੀ ਪੈਸਿਆਂ ਕਾਰਨ ਗੰਭੀਰ ਬਿਮਾਰੀਆਂ ਦਾ ਇਲਾਜ ਨਾ ਹੋਣ ਕਾਰਨ ਮਰ ਰਹੇ ਹਨ। ਈਦ ਦੇ ਮੌਕੇ 'ਤੇ, ਬਿਨਾਂ ਪੱਥਰ ਚੁੱਕੇ, ਬਿਨਾਂ ਰਿਕਸ਼ਾ ਚਲਾਏ, ਬਿਨਾਂ ਬੋਝ ਚੁੱਕੇ ਅਤੇ ਬਿਨਾਂ ਬੇਲਗਾਏ ਜਾਂ ਹਲ ਵਾਹੇ, ਖਾਲੀ ਪੇਟ ਸੌਣ ਜਾਂ ਨੰਗੇ ਰਹਿਣ ਲਈ ਮਜ਼ਬੂਤ ? ?ਹੋ ਜਾਂਦਾ ਹੈ।

ਸੰਖੇਪ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਸ ਦੇ ਸੁਪਨੇ ਹਮੇਸ਼ਾ ਚਕਨਾਚੂਰ ਹੋ ਜਾਂਦੇ ਹਨ ਉਹ ਹੋਰ ਕੋਈ ਨਹੀਂ ਸਗੋਂ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਮਜ਼ਦੂਰ ਹੈ।

ਜਿਵੇਂ ਕਿ ਸਭ ਨੂੰ ਪਤਾ ਹੈ ਕਿ ਇਨ੍ਹਾਂ ਮਜ਼ਦੂਰਾਂ ਅਤੇ ਕਿਰਤੀਆਂ ਦਾ ਸਨਮਾਨ ਕਰਨ ਦੇ ਉਦੇਸ਼ ਨਾਲ ਹਰ ਸਾਲ ਵਿਸ਼ਵ ਭਰ ਵਿੱਚ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਮਜ਼ਦੂਰਾਂ ਨੂੰ ਸਮਰਪਿਤ ਇਹ ਦਿਨ 1 ਮਈ ਹੈ। ਮਜ਼ਦੂਰ ਦਿਵਸ ਨੂੰ 'ਮਜ਼ਦੂਰ ਦਿਵਸ, ਸ਼੍ਰਮਿਕ ਦਿਵਸ ਜਾਂ ਮਈ ਦਿਵਸ' ਵਜੋਂ ਵੀ ਜਾਣਿਆ ਜਾਂਦਾ ਹੈ। ਮਜ਼ਦੂਰਾਂ ਦਾ ਸਤਿਕਾਰ ਕਰਨ ਦੇ ਨਾਲ-ਨਾਲ ਇਹ ਦਿਵਸ ਮਜ਼ਦੂਰਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੇ ਉਦੇਸ਼ ਨਾਲ ਵੀ ਮਨਾਇਆ ਜਾਂਦਾ ਹੈ, ਤਾਂ ਜੋ ਸਮਾਜ ਵਿੱਚ ਮਜ਼ਦੂਰਾਂ ਦਾ ਸਥਾਨ ਮਜ਼ਬੂਤ ? ?ਕੀਤਾ ਜਾ ਸਕੇ। ਕਿਸੇ ਵੀ ਦੇਸ਼ ਦੇ ਵਿਕਾਸ ਵਿੱਚ ਮਜ਼ਦੂਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਹਰ ਕੰਮ ਦਾ ਖੇਤਰ ਮਜ਼ਦੂਰਾਂ ਦੀ ਮਿਹਨਤ 'ਤੇ ਨਿਰਭਰ ਕਰਦਾ ਹੈ। ਮਜ਼ਦੂਰ ਕਿਸੇ ਵਿਸ਼ੇਸ਼ ਖੇਤਰ ਨੂੰ ਉਤਸ਼ਾਹਿਤ ਕਰਨ ਲਈ ਸਖ਼ਤ ਮਿਹਨਤ ਕਰਦੇ ਹਨ। ਹਰ ਵਾਰ ਮਜ਼ਦੂਰ ਦਿਵਸ ਲਈ ਇੱਕ ਥੀਮ ਹੁੰਦਾ ਹੈ, ਜਿਸ ਦੇ ਆਧਾਰ 'ਤੇ ਇਹ ਦਿਵਸ ਮਨਾਇਆ ਜਾਂਦਾ ਹੈ। ਇਸ ਸਾਲ ਲੇਬਰ ਡੇ 2024 ਦਾ ਥੀਮ 'ਜਲਵਾਯੂ ਤਬਦੀਲੀ ਦੇ ਦੌਰਾਨ ਕੰਮ ਵਾਲੀ ਥਾਂ 'ਤੇ ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ' ਹੈ। ਪਰ ਇੱਥੇ ਕਿੰਨਾ ਕੁ ਪੂਰਾ ਹੋਵੇਗਾ ਜਾਂ ਸਭ ਕੁਝ ਅਜਿਹਾ ਕਰਨ ਵਾਲਿਆਂ ਦੇ ਇਰਾਦਿਆਂ 'ਤੇ ਨਿਰਭਰ ਕਰਦਾ ਹੈ। ਤੁਹਾਨੂੰ ਦੱਸ ਦੇਈਏ ਕਿ ਪਹਿਲੀ ਵਾਰ ਮਜ਼ਦੂਰ ਦਿਵਸ ਮਨਾਉਣ ਦਾ ਫੈਸਲਾ 1889 ਵਿੱਚ ਲਿਆ ਗਿਆ ਸੀ। ਇਸ ਦਿਨ ਨੂੰ ਮਨਾਉਣ ਦੀ ਯੋਜਨਾ ਅਮਰੀਕਾ ਦੇ ਸ਼ਿਕਾਗੋ ਵਿੱਚ ਉਦੋਂ ਸ਼ੁਰੂ ਹੋਈ ਜਦੋਂ ਮਜ਼ਦੂਰ ਇੱਕ ਹੋ ਕੇ ਸੜਕਾਂ 'ਤੇ ਨਿਕਲ ਆਏ। 1886 ਤੋਂ ਪਹਿਲਾਂ ਅਮਰੀਕਾ ਵਿੱਚ ਅੰਦੋਲਨ ਸ਼ੁਰੂ ਹੋਇਆ ਸੀ। ਇਸ ਅੰਦੋਲਨ ਵਿਚ ਅਮਰੀਕੀ ਕਾਮੇ ਸੜਕਾਂ 'ਤੇ ਆ ਗਏ। ਮਜ਼ਦੂਰਾਂ ਨੇ ਆਪਣੇ ਹੱਕਾਂ ਲਈ ਹੜਤਾਲ ਕੀਤੀ। ਇਸ ਅੰਦੋਲਨ ਦਾ ਕਾਰਨ ਮਜ਼ਦੂਰਾਂ ਦੇ ਕੰਮ ਦੇ ਘੰਟੇ ਸਨ। ਉਸ ਸਮੇਂ ਦੌਰਾਨ ਮਜ਼ਦੂਰ 15-15 ਘੰਟੇ ਕੰਮ ਕਰਦੇ ਸਨ। ਅੰਦੋਲਨ ਦੌਰਾਨ ਪੁਲਿਸ ਨੇ ਮਜ਼ਦੂਰਾਂ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਦੌਰਾਨ ਕਈ ਮਜ਼ਦੂਰਾਂ ਦੀ ਜਾਨ ਚਲੀ ਗਈ। ਸੈਂਕੜੇ ਵਰਕਰ ਜ਼ਖ਼ਮੀ ਹੋ ਗਏ। ਇਸ ਘਟਨਾ ਤੋਂ ਤਿੰਨ ਸਾਲ ਬਾਅਦ 1889 ਵਿੱਚ ਇੰਟਰਨੈਸ਼ਨਲ ਸੋਸ਼ਲਿਸਟ ਕਾਨਫਰੰਸ ਹੋਈ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਹਰੇਕ ਮਜ਼ਦੂਰ ਨੂੰ ਸਿਰਫ 8 ਘੰਟੇ ਪ੍ਰਤੀ ਦਿਨ ਕੰਮ ਕਰਨਾ ਹੋਵੇਗਾ। ਕਾਨਫਰੰਸ ਤੋਂ ਬਾਅਦ 1 ਮਈ ਨੂੰ ਮਜ਼ਦੂਰ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਹਰ ਸਾਲ ਇਸ ਦਿਨ ਵਰਕਰਾਂ ਨੂੰ ਛੁੱਟੀ ਦੇਣ ਦਾ ਫੈਸਲਾ ਵੀ ਕੀਤਾ ਗਿਆ। ਬਾਅਦ ਵਿੱਚ, ਅਮਰੀਕਾ ਦੇ ਮਜ਼ਦੂਰਾਂ ਵਾਂਗ, 8 ਘੰਟੇ ਕੰਮ ਕਰਨ ਦਾ ਨਿਯਮ ਕਈ ਹੋਰ ਦੇਸ਼ਾਂ ਵਿੱਚ ਵੀ ਲਾਗੂ ਕੀਤਾ ਗਿਆ। ਅਮਰੀਕਾ ਵਿੱਚ ਮਜ਼ਦੂਰ ਦਿਵਸ ਮਨਾਉਣ ਦਾ ਪ੍ਰਸਤਾਵ 1 ਮਈ 1889 ਨੂੰ ਲਾਗੂ ਹੋਇਆ ਸੀ ਪਰ ਭਾਰਤ ਵਿੱਚ ਇਸ ਦਿਨ ਨੂੰ ਮਨਾਉਣਾ ਲਗਭਗ 34 ਸਾਲਾਂ ਬਾਅਦ ਸ਼ੁਰੂ ਹੋਇਆ। ਭਾਰਤ ਵਿੱਚ ਵੀ ਮਜ਼ਦੂਰ ਅੱਤਿਆਚਾਰਾਂ ਅਤੇ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕਰ ਰਹੇ ਸਨ। ਵਰਕਰਾਂ ਦੀ ਅਗਵਾਈ ਖੱਬੇਪੱਖੀਆਂ ਵੱਲੋਂ ਕੀਤੀ ਜਾ ਰਹੀ ਸੀ। ਉਨ੍ਹਾਂ ਦੇ ਅੰਦੋਲਨ ਦੇ ਮੱਦੇਨਜ਼ਰ ਚੇਨਈ ਵਿੱਚ ਪਹਿਲੀ ਵਾਰ 1 ਮਈ 1923 ਨੂੰ ਮਜ਼ਦੂਰ ਦਿਵਸ ਮਨਾਇਆ ਗਿਆ। ਮਜ਼ਦੂਰ ਕਿਸਾਨ ਪਾਰਟੀ ਹਿੰਦੁਸਤਾਨ ਦੀ ਪ੍ਰਧਾਨਗੀ ਹੇਠ ਮਜ਼ਦੂਰ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ।

## ਟੈਗੋਰ ਨਿਕੇਤਨ ਮਾਡਲ ਹਾਈ ਸਕੂਲ ਖਰੜ ਦੇ ਵਿਦਿਆਰਥੀਆਂ 8ਵੀ ਦੇ ਨਤੀਜੇ ਵਿਚ ਛਾਏ



ਖਰੜ,1 ਮਈ,ਲੋਕ ਬਾਣੀ (ਕਾਲਾ ਸਿੰਘ ਸੈਣੀ)- ਟੈਗੋਰ ਨਿਕੇਤਨ ਮਾਡਲ ਹਾਈ ਸਕੂਲ ਖਰੜ ਦੇ 8ਵੀਂ ਕਲਾਸ ਦੇ ਵਿਦਿਆਰਥੀਆਂ ਨੇ 94 ਤੋਂ 96 ਫੀਸਦੀ ਤੱਕ ਅੰਕ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂ ਚਮਕਾਇਆ ਹੈ। ਸਕੂਲ ਦੇ ਪ੍ਰਿੰਸੀਪਲ ਜਤਿੰਦਰ ਗੁਪਤਾ ਨੇ ਦਸਿਆ ਕਿ ਸਕੂਲ ਦੇ ਵਿਦਿਆਰਥੀ ਗੌਰਵ ਕੁਮਾਰ ਨੇ 96.6 ਫੀਸਦੀ, ਦੀਪਿਕਾ ਰਾਣੀ ਨੇ 96.5ਫੀਸਦੀ, ਅਰਸ਼ਪ੍ਰੀਤ ਕੌਰ ਨੇ 95.3 ਫੀਸਦੀ,ਗੁਰਲੀਨ ਕੌਰ ਨੇ 95.1 ਫੀਸਦੀ,ਆਇਸ਼ਾ ਮਲਿਕ ਨੇ 94.6 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਪ੍ਰਿੰਸੀਪਲ ਨੇ ਅੱਗੇ ਦਸਿਆ ਕਿ ਸਕੂਲ ਦੇ ਕੁੱਲ 54 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ ਜੋ ਸਾਰੇ ਹੀ ਪਾਸ ਹਨ ਅਤੇ 17 ਵਿਦਿਆਰਥੀਆਂ ਨੇ 90 ਫੀਸਦੀ ਤੱਕ ਅੰਕ ਪ੍ਰਾਪਤ ਕੀਤੇ ਹਨ। ਉਨ੍ਹਾਂ ਸਕੂਲ ਦੇ ਵਿਦਿਆਰਥੀਆਂ ਦੀ ਇਸ ਪ੍ਰਾਪਤ ਲਈ ਸਕੂਲ ਦੇ ਸਟਾਫ, ਵਿਦਿਆਰਥੀ ਅਤੇ ਮਾਪਿਆਂ ਨੂੰ ਵਧਾਈ ਦਿੱਤੀ।

## ਵਿਕਟੋਰੀਆ ਇਟਰਨੈਸ਼ਨਲ ਕਾਨਵੈਟ ਸਕੂਲ ਬਾਰਵੀ ਜਮਾਤ ਦਾ ਨਤੀਜਾ ਰਿਹਾ 100 ਪ੍ਰਤੀਸ਼ਤ

ਕੋਟ ਈਸੇ ਖਾਂ, (ਅਰੋੜਾ)- ਸ਼ਹਿਰ ਦੀ ਵਿੱਦਿਅਕ ਸੰਸਥਾ ਵਿਕਟੋਰੀਆ ਇਟਰਨੈਸ਼ਨਲ ਕਾਨਵੈਟ ਸਕੂਲ ਦਾ ਇਸ ਸਾਲ +2

ਆਰਟਸ, ਮੈਡੀਕਲ, ਨਾਨਮੈਡੀਕਲ, ਸੁਪਰਮੈਡੀਕਲ ਅਤੇ ਕਮਰਸ ਦਾ ਨਤੀਜਾ 100% ਰਿਹਾ।ਜਿਸ ਵਿਚ ਵਿਦਿਆਰਥੀ ਗਰੀਮਾਂ ਜੇਤਲੀ ਨੇ ਸੁਪਰ ਮੈਡੀਕਲ ਵਿਚ 500 ਵਿੱਚੋ 476 ਨੰਬਰ ਪ੍ਰਾਪਤ ਕਰਕੇ ਪਹਿਲਾ ਸਥਾਨ, ਕੋਮਲਦੀਪ ਕੌਰ ਨੇ ਕਮਰਸ ਵਿੱਚੋ 452 ਨੰਬਰ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਮੁਸਕਾਨ ਬਾਵਾ ਨੇ ਮੈਡੀਕਲ ਵਿਚ 421 ਨੰਬਰ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਦੇ ਚੇਅਰਮੈਨ ਕੁਲਜੀਤਪਾਲ ਜੇਤਲੀ ,ਪ੍ਰਿਸੀਪਲ ਮੈਡਮ ਰੇਨੂੰ ਜੇਤਲੀ ਅਤੇ ਸਮੂਹ ਸਟਾਫ ਨੇ ਸਾਰੇ ਵਿਦਆਰਥੀਆ ਅਤੇ ਮਾਪਿਆ ਨੂੰ ਵਧਾਈ ਦਿੰਦਿਆ ਕਿਹਾ ਕਿ ਸਕੂਲ ਸਟਾਫ ਦੀ ਵਧੀਆ ਕਾਰਗੁਜਾਰੀ ਅਤੇ ਵਿਦਆਰਥੀਆ ਵੱਲੋਂ ਕੀਤੀ ਮਿਹਨਤ ਸਦਕਾ ਹੀ ਪੁਜੀਸ਼ਨਾ ਹਾਸਲ ਕੀਤੀਆ ਹਨ।ਉਨ੍ਹਾਂ ਕਿਹਾ ਕਿ ਵਿਦਆਰਥੀਆ ਦੀ ਇਸ ਪ੍ਰਾਪਤੀ ਨੇ ਮਾਪਿਆ, ਸਕੂਲ ਅਤੇ ਆਪਣੇ ਪਿੰਡ ?ਸ਼ਹਿਰ ਦਾ ਨਾ ਰੋਸ਼ਨ ਕੀਤਾ ਹੈ।ਉਨ੍ਹਾਂ ਵਿਦਆਰਥੀਆ ਨੂੰ ਅਪੀਲ ਕੀਤੀ ਕਿ ਭਵਿੱਖ ਵਿੱਚ ਵੀ ਵਧੀਆ ਪੜਾਈ ਕਰਕੇ ਚੰਗੇ ਮੁਕਾਮ ਹਾਸਲ ਕਰੋ।



# ਪੀਐਸਈਬੀ ਇੰਪਲਾਈਜ ਫੈਡਰੇਸ਼ਨ ਅਤੇ ਪਾਵਰਕਾਮ/ ਟਰਾਂਸਕੋ ਪੈਨਸ਼ਨ ਯੂਨੀਅਨ ਵੱਲੋਂ ਮਈ ਦਿਵਸ ਮੌਕੇ ਵੱਖ ਵੱਖ ਸਟੇਸ਼ਨਾਂ ਤੇ ਲਹਿਰਾਏ ਲਾਲ ਝੰਡੇ



ਤਰਨ ਤਾਰਨ 1 ਮਈੀ – ਮਜਦੂਰ ਜਮਾਤ ਦੇ ਪਵਿੱਤਰ ਅਤੇ ਜਿੱਤਾਂ ਦੇ ਪ੍ਰਤੀਕ ਦਿਹਾੜੇ ਮਈ ਦਿਵਸ ਦੇ ਮੌਕੇ ਤੇ ਅੱਜ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀਐਸਈਬੀ ਇੰਪਲਾਈਜ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ 41 ਅਤੇ ਪਾਵਰਕਾਮ / ਟਰਾਸ਼ਕੋ ਪੈਨਸ਼ਨ ਯੂਨੀਅਨ ਦੇ ਆਗੂਆਂ ਅਤੇ ਵਰਕਰਾਂ ਨੇ ਸਾਂਝੇ ਤੌਰ ਤੇ ਵੱਖ – ਵੱਖ ਸਬ ਡਵੀਜ਼ਨਾਂ ਨੌਸ਼ਿਹਰਾ ਪਨੂੰਆਂ , ਖਡੂਰ ਸਾਹਿਬ , ਕੈਰੋਂ , ਮਾਣੋਚਾਹਲ , ਪੱਟੀ, ਭਿੱਖੀਵਿੰਡ , ਫੋਕਲ ਪੁਆਇੰਟ , ਰਸੂਲਪੁਰ ਸਮੇਤ ਡਵੀਜਨ ਦਫਤਰਾਂ / ਗਰਿੱਡਾਂ ਤੇ ਲਾਲ ਝੰਡੇ ਝੁਲਾਉਣ ਉਪਰੰਤ ਪਾਵਰਕਾਮ ਦੇ ਸਥਾਨਿਕ ਸਰਕਲ ਦਫਤਰ ਅਤੇ ਪਾਵਰਕਾਮ / ਟਰਾਸ਼ਕੋ ਪੈਨਸ਼ਨ ਯੂਨੀਅਨ ਦੇ ਦਫਤਰਾਂ ਦੇ ਗੇਟਾਂ ਤੇ ਲਾਲ ਝੰਡੇ ਝੁਲਾਉਣ ਦੀ ਰਸਮ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ , ਸੂਬਾ ਆਗੂ ਤਾਰਾ ਸਿੰਘ ਖਹਿਰਾ ਅਤੇ ਸਰਕਲ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਨੇ ਅਦਾ ਕੀਤੀ ਇਸ ਮੌਕੇ ਉਹਨਾਂ ਨੇ ਸ਼ਿਕਾਗੋ ਦੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹੋਏ ਆਗੂਆਂ ਨੇ ਸਰਮਾਏਦਾਰ ਪੱਖੀ ਹਾਕਮ ਜਮਾਤਾਂ ਵੱਲੋ ਮਜਦੂਰ ਜਮਾਤ ਦਾ ਪੱਖ ਪੂਰਨ ਵਾਲੇ ਕਿਰਤ ਕਾਨੂੰਨਾਂ ਨੂੰ ਖਤਮ ਕਰਨ , ਕੰਮ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ , ਪੁਰਾਣੀ ਪੈਨਸ਼ਨ ਸਕੀਮ ਬੰਦ ਕਰਨ , ਪੱਕੇ ਰੁਜ਼ਗਾਰ ਦਾ ਖਾਤਮਾ ਕਰਨ , ਸਰਕਾਰੀ ਵਿਭਾਗਾਂ ਵਿੱਚ ਖਾਲੀ ਹੋ ਰਹੀਆਂ ਅਸਾਮੀਆਂ ਖਤਮ ਕਰਕੇ ਨਵੀਂ ਰੈਗੂਲਰ ਭਰਤੀ ਕਰਨ ਤੇ ਮੁਕੰਮਲ ਪਾਬੰਦੀ ਲਗਾ ਕੇ ਸਰਕਾਰੀ ਵਿਭਾਗਾਂ ਦੀ ਸਫ ਲਪੇਟਣ ਵਰਗੀਆਂ ਚਣੌਤੀਆਂ ਜੋ ਮਜਦੂਰ ਜਮਾਤ ਲਈ ਮੂੰਹ ਅੱਡ ਕੇ ਖੜੀਆਂ ਹਨ ਮਿਹਨਤਕਸ਼ ਜਮਾਤ ਉਨ੍ਹਾਂ ਦਾ ਜਥੇਬੰਦਕ ਤਾਕਤ ਨਾਲ ਸਿਰੜੀ ਸੰਘਰਸ਼ ਕਰਕੇ ਟਾਕਰਾ ਕਰੇਗੀ । ਉਹਨਾਂ ਕਿਹਾ ਕਿ ਇਹੋ ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੀ ਸੁੱਚੀ ਸਰਧਾਂਜਲੀ ਹੋਵੇਗੀ । ਇਸ ਮੌਕੇ ਤੇ ਮੁਲਾਜ਼ਮ ਤੇ ਪੈਨਸ਼ਨਰ ਯੂਨੀਅਨ ਦੇ ਆਗੂਆਂ ਕਲਵਿੰਦਰ ਸਿੰਘ ਬਾਗੜੀਆਂ , ਲਖਵਿੰਦਰ ਸਿੰਘ ਬਹਿਲਾ , ਮੇਜਰ ਸਿੰਘ ਨਾਗੋਕੇ , ਬਲਜਿੰਦਰ ਸਿੰਘ ਪਲਾਸੌਰ , ਬਲਕਾਰ ਸਿੰਘ ਜੰਡੋਕੇ , ਸਰਬਜੀਤ ਸਿੰਘ ਜਵੰਦੇ , ਜਸਬੀਰ ਸਿੰਘ ਸੇਰੋਂ , ਰਾਜਿੰਦਰ ਕੁਮਾਰ ਜੋਸੀ , ਜਗਤਾਰ ਸਿੰਘ ਖਾਰਾ , ਕਰਮ ਸਿੰਘ ਝਬਾਲ , ਬਲਦੇਵ ਸਿੰਘ ਰਸੂਲਪੁਰ , ਸੁਖਦੇਵ ਸਿੰਘ ਚਾਹਲ , ਪ੍ਰਮਜੀਤ ਸਿੰਘ ਝਬਾਲ, ਦਵਿੰਦਰ ਸਿੰਘ ਸੇਰੋਂ , ਗੁਰਪਾਲ ਸਿੰਘ ਬੰਟੀ , ਮੇਜਰ ਸਿੰਘ ਪਨੂੰ , ਹਰਪ੍ਰੀਤ ਸਿੰਘ ਪਨੂੰ , ਜਗੀਰ ਸਿੰਘ ਜੱਗੀ ਆਦਿ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਿਜਦਾ ਕੀਤਾ ।

# ਅਜੋਕੇ ਸਮੇਂ ਵਿੱਚ ਨੌਜਵਾਨ ਪੀੜੀ ਦਾ ਹੁਨਰਮੰਦ ਹੋਣਾ ਬਹੁਤ ਜਰੂਰੀ ਪ੍ਰਿੰਸੀਪਲ ਪਰਮਜੀਤ ਸਿੰਘ




ਤਰਨ ਤਾਰਨ 1 ਮਈ – ਸੂਬਾ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਈ ਟੀ ਆਈ ਕੱਦ ਗਿਲ ਵਿਖੇ ਵੱਖ–ਵੱਖ ਕੋਰਸਾਂ ਵਿੱਚ ਸਿਖਲਾਈ ਲੈ ਰਹੀਆਂ ਲੜਕੀਆਂ ਦੇ ਵੱਖ – ਵੱਖ ਪ੍ਰੋਜੈਕਟ ਮੁਕਾਬਲੇ ਕਰਵਾਏ ਗਏ ◆ ਪ੍ਰਿੰਸੀਪਲ ਪਰਮਜੀਤ ਸਿੰਘ ਦੀ ਅਗਵਾਈ ਹੇਠ ਕਰਵਾਏ ਇਹਨਾਂ ਮੁਕਾਬਲਿਆਂ ਵਿੱਚ ਇਸ ਸੰਸਥਾ ਦੀਆਂ ਲੜਕੀਆਂ ਨੇ ਬੜੇ ਉਤਸ਼ਾਹ ਅਤੇ ਚਾਅ ਨਾਲ ਹਿੱਸਾ ਲਿਆ◆ ਇਸ ਮੌਕੇ ਗੱਲਬਾਤ ਕਰਦਿਆਂ ਇਹ ਸੰਸਥਾ ਦੇ ਮੁਖੀ ਪਰਮਜੀਤ ਸਿੰਘ ਨੇ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਨੌਜਵਾਨ ਪੀੜੀ ਦਾ ਹੁਨਰ ਮੰਦ ਹੋਣਾ ਬਹੁਤ ਜਰੂਰੀ ਹੈ, ਤਾਂ ਕਿ ਉਹ ਆਉਣ ਵਾਲੇ ਸਮੇਂ ਵਿੱਚ ਆਪਣੇ ਸਿੱਖੇ ਹੋਏ ਹੋਏ ਹੁਨਰ ਰਾਹੀਂ ਆਪਣੀ ਰੋਜੀ ਰੋਟੀ ਕਮਾ ਸਕਣ।

ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਗੁਰਮੀਤ ਸਿੰਘ ਨੂਰਦੀ ਨੇ ਲੜਕੀਆਂ ਵੱਲੋਂ ਵੱਖ–ਵੱਖ ਮੁਕਾਬਲਿਆਂ ਵਿੱਚ ਬਹੁਤ ਹੀ ਮਿਹਨਤ ਨਾਲ ਬਣਾਏ ਵੱਖ ਵੱਖ ਸਮਾਨ ਦੀ ਸ਼ਲਾਘਾ ਕਰਦਿਆਂ ਇਸ ਸੰਸਥਾ ਦੇ ਮੁਖੀ ਪਰਮਜੀਤ ਸਿੰਘ ਦੇ ਸਮੁੱਚੇ ਸਟਾਫ਼ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਅਜੋਕੀ ਨੌਜਵਾਨ ਪੀੜੀ ਸਮਾਜਿਕ ਕੁਰੀਤੀਆ ਵਿੱਚ ਫਸੀ ਹੋਈ ਹੈ, ਉਸ ਵਿੱਚੋਂ ਕੱਢਣ ਲਈ ਅਜਿਹੇ ਯੋਗ ਉਪਰਾਲੇ ਸ਼ਲਾਘਾਯੋਗ ਕਦਮ ਹਨ । ਜਿਸ ਨੂੰ ਇਸੇ ਤਰ੍ਹਾਂ ਜਾਰੀ ਰੱਖਣਾ ਬਹੁਤ ਜਰੂਰੀ ਹੈ ◆ ਇਹਨਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੀਆਂ ਲੜਕੀਆਂ ਨੂੰ ਇਸ ਸੰਸਥਾ ਦੇ ਮੁਖੀ ਅਤੇ ਸਟਾਫ ਵੱਲੋਂ ਮਿਲ ਕੇ ਸਾਂਝੇ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ ◆ਇਸ ਮੌਕੇ ਇਸ ਪ੍ਰੋਗਰਾਮ ਦੇ ਇੰਚਾਰਜ ਮੈਡਮ ਨੀਰੂ ਬਾਲਾ, ਸ਼੍ਰੀਮਤੀ ਆਰਤੀ, ਮਨਪ੍ਰੀਤ ਕੌਰ, ਜਸ਼ਨਪ੍ਰੀਤ ਕੌਰ, ਮਨਪ੍ਰੀਤ ਕੌਰ, ਭੁਪਿੰਦਰ ਸਿੰਘ, ਲਖਵਿੰਦਰ ਸਿੰਘ, ਆਦਿ ਵੀ ਹਾਜ਼ਰ ਸਨ।

# ਸਿੱਧੂ ਮੂਸੇਵਾਲਾ ਕਤਲ ਕੇਸ 'ਚ ਅਦਾਲਤ ਦਾ ਵੱਡਾ ਫੈਸਲਾ, ਸਾਰੇ ਮੁਲਜ਼ਮਾਂ ਖਿਲਾਫ ਦੋਸ਼ ਤੈਅ



ਮਾਨਸਾ 01 ਮਈ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਮਾਨਸਾ ਅਦਾਲਤ ਨੇ ਅੱਜ ਵੱਡਾ ਫੈਸਲਾ ਲੈਂਦਿਆਂ ਸਾਰੇ ਮੁਲਜ਼ਮਾਂ ਖ਼ਿਲਾਫ਼ ਦੋਸ਼ ਆਇਦ ਕਰ ਦਿੱਤੇ ਹਨ। ਸੈਸ਼ਨ ਕੋਰਟ ਨੇ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨ ਪੁਰੀਆ ਦੀ ਉਸ ਅਰਜ਼ੀ ਨੂੰ ਰੱਦ ਕਰ ਦਿੱਤਾ ਹੈ, ਜਿਸ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਬੇਕਸੂਰ ਦੱਸਿਆ ਸੀ, ਹੁਣ ਅਗਲੀ ਸੁਣਵਾਈ 15 ਮਈ 'ਤੇ ਰੱਖੀ ਗਈ ਹੈ,ਜਿਕਰਯੋਗ ਹੈ ਕਿ ਬੀਤੇ ਦਿਨ ਪੰਜਾਬ ਦੇ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ 'ਚ ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਤੋਂ ਪੁਲਿਸ ਨੂੰ ਵੱਡੀ ਸਫ਼ਲਤਾ ਮਿਲੀ ਸੀ, ਮੂਸੇਵਾਲਾ ਕਤਲ ਕੇਸ 'ਚ ਨਾਜਾਇਜ਼ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਤਸਕਰ ਸ਼ਾਹਬਾਜ਼ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। NIA ਪਹਿਲਾਂ ਹੀ ਸ਼ਾਹਬਾਜ਼ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਉਸ ਨੂੰ ਅਦਾਲਤ 'ਚ ਵੀ ਭੇਜ ਦਿੱਤਾ। ਪੁਲਿਸ ਨੇ ਨਾਜਾਇਜ਼ ਹਥਿਆਰਾਂ ਦੀ ਤਸਕਰੀ ਕਰਨ ਵਾਲੇ 3 ਤਸਕਰਾਂ ਨੂੰ ਕਾਬੂ ਕੀਤਾ ਹੈ। ਇਸ ਦੌਰਾਨ ਪੁਲਿਸ ਨੂੰ ਬਦਮਾਸ਼ਾਂ ਕੋਲੋਂ 3 ਪਿਸਤੌਲ, 2 ਬੰਦੂਕਾਂ ਅਤੇ ਕਾਰਤੂਸ ਸਣੇ ਇੱਕ ਥਾਰ ਗੱਡੀ ਬਰਾਮਦ ਕੀਤੀ ਹੈ। SSP ਸ਼ਲੋਕ ਕੁਮਾਰ ਨੇ ਹਥਿਆਰਾਂ ਦੇ ਤਸਕਰ ਦੇ ਸਾਥੀ ਰਿਜ਼ਵਾਨ 'ਤੇ 25,000 ਰੁਪਏ ਦੇ ਇਨਾਮ ਦਾ ਐਲਾਨ ਰੱਖਿਆ ਹੈ। NIA ਨੇ ਪਿਛਲੇ ਸਾਲ ਦੱਸਿਆ ਸੀ ਕਿ ਸ਼ਾਹਬਾਜ਼ ਅੰਸਾਰੀ ਮੂਸੇਵਾਲਾ ਦੀ ਹੱਤਿਆ 'ਚ ਹਥਿਆਰਾਂ ਦੇ ਸਪਲਾਇਰ ਅਤੇ ਲਾਰੈਂਸ ਗੈਂਗ ਦੇ ਵਿਚਕਾਰ ਇੱਕ ਵਿਚੋਲਾ ਸੀ। ਉਸ ਨੂੰ NIA ਨੇ 8 ਦਸੰਬਰ 2022 ਨੂੰ ਬੁਲੰਦਸ਼ਹਿਰ (ਉੱਤਰ ਪ੍ਰਦੇਸ਼) ਤੋਂ ਗ੍ਰਿਫ਼ਤਾਰ ਕੀਤਾ ਸੀ। ਪੁੱਛਗਿੱਛ ਦੌਰਾਨ 2 ਹਵਾਲਾ ਸੰਚਾਲਕਾਂ ਹਾਮਿਦ ਅਤੇ ਫੌਜੀ ਦੇ ਨਾਂ ਸਾਹਮਣੇ ਆਏ ਸਨ,ਦੱਸਣਯੋਗ ਹੈ ਕਿ 29 ਮਈ, 2022 ਦੀ ਸ਼ਾਮ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦਾ ਸ਼ਰੇਆਮ ਕਤਲ ਕਰ ਦਿੱਤਾ ਗਿਆ ਸੀ। ਮਾਨਸਾ ਦੇ ਪਿੰਡ ਜਵਾਹਰ ਕੇ ਨੇੜੇ ਗੋਲ਼ੀਆਂ ਮਾਰ ਕੇ ਉਨ੍ਹਾਂ ਦਾ ਕਤਲ ਕੀਤਾ ਗਿਆ ਸੀ। ਸਿੱਧੂ ਮੂਸੇਵਾਲੇ ਦੇ ਮਾਪੇ ਅੱਜ ਵੀ ਆਪਣੇ ਪੁੱਤਰ ਲਈ ਇਨਸਾਫ਼ ਦੀ ਲੜਾਈ ਲੜ ਰਹੇ ਹਨ।

# 24 ਮਈ ਨੂੰ ਪੰਜਾਬ ਸਰਕਾਰ ਅਤੇ ਬੋਰਡ ਮੈਨਜਮੈਂਟ ਦੇ ਖਿਲਾਫ ਮੰਗਾ ਮੰਨਵਾਉਣ ਲਈ ਲਾਇਆ ਜਾਵੇਗਾ ਸ਼੍ਰੀ ਮੁਕਤਸਰ ਸਾਹਿਬ ਵਿਖੇ ਸਰਕਲ ਪਧਰਾ ਧਰਨਾ



ਸ਼੍ਰੀ ਮੁਕਤਸਰ ਸਾਹਿਬ -ਬੀਤੇ ਦਿਨ ਪੈਨਸ਼ਨਰਜ਼ ਐਸੋਸੀਏਸ਼ਨ ਪਾਵਰ ਕਾਮ ਤੇ ਟਰਾਂਸਮਿਸ਼ਨ ਸਰਕਲ ਸ਼੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਸਰਕਲ ਪ੍ਰਧਾਨ ਸ਼ੰਕਰ ਦਾਸ ਦੀ ਅਗਵਾਈ ਵਿੱਚ 132 ਕੇ ਵੀ ਕਲੋਨੀ ਪੈਨਸ਼ਨਰਜ਼ ਦਫ਼ਤਰ ਸ਼੍ਰੀ ਮੁਕਤਸਰ ਸਾਹਿਬ ਵਿੱਖੇ ਹੋਈ ਜਿਸ ਵਿਚ ਸਰਕਲ ਆਹੁਦੇਦਾਰ ਤੇ ਮੰਡਲ ਪ੍ਰਧਾਨ ਸਕੱਤਰ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆ ਸਰਕਲ ਸਕੱਤਰ ਜੋਗਿੰਦਰ ਸਿੰਘ ਮਲਣ ਨੇ ਪੰਜਾਬ ਸਰਕਾਰ ਤੇ ਬੋਰਡ ਮੈਨਜਮੈਂਟ ਨਾਲ ਚਲ ਰਹੇ ਸੰਘਰਸ਼ ਬਾਰੇ ਜਾਣਕਾਰੀ ਸਾਂਝੀ ਕੀਤੀ। ਸਰਕਲ ਪ੍ਰਧਾਨ ਸ਼ੰਕਰ ਦਾਸ ਨੇ ਮੀਟਿੰਗ ਨੂੰ ਸੰਬੋਧਨ ਕਰਦਿਆ ਪੰਜਾਬ ਸਰਕਾਰ ਤੇ ਬੋਰਡ ਮੈਨਜਮੈਂਟ ਦੀਆ ਘਟੀਆ ਨੀਤੀਆਂ ਬਾਰੇ ਬੋਲਦਿਆ ਕਿਹਾ ਕਿ ਪੰਜਾਬ ਸਰਕਾਰ ਤੇ ਬੋਰਡ ਮੈਨਜਮੈਂਟ ਨੇ ਪੈਨਸ਼ਨਰਜ਼ ਦੀ ਕੋਈ ਵੀ ਮੰਗ ਪੂਰੀ ਨਹੀ ਕੀਤੀ। ਪੰਜਾਬ ਸਰਕਾਰ ਨੂੰ ਦੋ ਸਾਲ ਹੋ ਗਏ ਹਨ ਅਜੇ ਤੱਕ ਕੋਈ ਵੀ ਵਾਅਦਾ ਪੂਰਾ ਨਹੀ ਕੀਤਾ ਗਿਆ। ਬੁਲਾਰਿਆ ਨੇ ਮੰਗ ਕੀਤੀ ਕਿ 31/12/2015 ਤੋ ਪਹਿਲਾ ਰਿਟਾਇਰ ਹੋਏ ਮੁਲਾਜ਼ਮਾ ਦੀ 2-59 ਦੇ ਗੁਣਾਕ ਨਾਲ ਪੈਨਸ਼ਨ ਵਿੱਚ ਸੋਧ ਕਰਨੀ,1/1/2016 ਤੋ ਸੋਧੀ ਹੋਈ ਪੈਨਸ਼ਨ ਦਾ ਬਕਾਇਆ ਦੇਣਾ, ਲੀਵ ਇੰਨਕੈਸ਼ਮੈਂਟ ਰਲੀਜ ਕਰਨਾ,ਮੈਡੀਕਲ ਭਤਾ ਦੋ ਹਜਾਰ ਰੁਪਏ ਪ੍ਰਤੀ ਮਹੀਨਾ ਦੇਣਾ,ਦੋ ਸੋ ਰੁਪਏ ਡਿਵੈਲਪਮੈਂਟ ਟੈਕਸ ਕਟਣਾ ਬੰਦ ਕਰਨਾ,ਡੀ ਏ ਦੀਆ ਕਿਸ਼ਤਾ ਰਿਲੀਜ ਕਰਨਾ ਆਦਿ ਮੰਗਾ ਮੰਗ ਪੱਤਰ ਅਨੁਸਾਰ ਤੁੰਰਤ ਲਾਗੂ ਕੀਤੀਆ ਜਾਣ। ਜੇਕਰ ਪੰਜਾਬ ਸਰਕਾਰ ਤੇ ਬੋਰਡ ਮੈਨਜਮੈਂਟ ਨੇ ਮੰਗਾ ਨੂੰ ਅਣਗੌਲਿਆ ਕੀਤਾ ਤਾ ਸਟੇਟ ਦੇ ਫੈਸਲੇ ਅਨੁਸਾਰ ਡਵੀਜ਼ਨ ਪੱਧਰ ਤੇ ਧਰਨੇ ਦੇਣ ਉਪਰੰਤ ਮਿਤੀ 24/5/2024 ਦਿਨ ਸ਼ੁਕਰਵਾਰ ਨੂੰ ਸਰਕਲ ਪਧਰਾ ਧਰਨਾ ਦਿੱਤਾ ਜਾਵੇਗਾ ਤੇ ਮਾਰਚ ਕੀਤਾ ਜਾਵੇਗਾ। ਜੇਕਰ ਪੰਜਾਬ ਸਰਕਾਰ ਤੇ ਬੋਰਡ ਮੈਨਜਮੈਂਟ ਨੇ ਮੰਗਾ ਨਾ ਮੰਨੀਆ ਤਾ ਇਸ ਤੋ ਵੀ ਤਿੱਖਾ ਸੰਘਰਸ਼ ਕੀਤਾ ਜਾਵੇਗਾ।ਜਿਸ ਦੀ ਜੁੰਮੇਵਾਰੀ ਪੰਜਾਬ ਸਰਕਾਰ ਤੇ ਬੋਰਡ ਮੈਨਜਮੈਂਟ ਦੀ ਹੋਵੇਗੀ। ਮੀਟਿੰਗ ਵਿੱਚ ਸ਼ੰਕਰ ਦਾਸ ਪ੍ਰਧਾਨ ,ਜੋਗਿੰਦਰ ਸਿੰਘ ਮਲਣ, ਵਸਾਵਾ ਰਾਮ,ਪੂਰਨ ਚੰਦ, ਸੁਖਦੇਵ ਸਿੰਘ, ਜਸਵਿੰਦਰ ਸਿੰਘ,ਮੇਘਰਾਜ ਬੁੱਟਰ, ਸਾਰੇ ਸਰਕਲ ਆਗੂਆ ਤੋ ਇਲਾਵਾ ਸ਼ਮਸ਼ੇਰ ਸਿੰਘ, ਅਸ਼ੋਕ ਰੁਪਾਣਾ,ਦੇਸ਼ ਰਾਜ ਡਵੀਜ਼ਨ ਆਗੂ ਤੇ ਹਰਭਜਨ ਸਿੰਘ ਸ਼ਾਮਲ ਸਨ।

# ਸਰਬੱਤ ਦਾ ਭਲਾ ਟਰੱਸਟ ਦੀਆਂ ਲੈਬਾਰਟਰੀਆਂ ਤੋਂ ਹਰ ਸਾਲ 12 ਲੱਖ ਤੋਂ ਵਧੇਰੇ ਲੋਕ ਕਰਵਾ ਰਹੇ ਨੇ ਟੈਸਟ : ਡਾ.ਓਬਰਾਏ



ਸ੍ਰੀ ਅੰਮ੍ਰਿਤਸਰ ਸਾਹਿਬ, 1 ਮਈ - ਆਪਣੀ ਜੇਬ੍ਹ 'ਚੋਂ ਹੀ ਕਰੋੜਾਂ ਰੁਪਏ ਸੇਵਾ ਕਾਰਜਾਂ 'ਤੇ ਖ਼ਰਚ ਕਰਨ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁੱਖੀ ਡਾ.ਐੱਸ.ਪੀ.ਸਿੰਘ ਓਬਰਾਏ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਆਗਮਨ ਪੂਰਬ ਨੂੰ ਸਮਰਪਿਤ 'ਸੰਨੀ ਓਬਰਾਏ ਕਲੀਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ' ਦਾ ਉਦਘਾਟਨ ਅੱਜ ਅੰਮ੍ਰਿਤਸਰ ਦੇ ਸਰਹੱਦੀ ਪਿੰਡ ਚੀਚਾ ਦੇ 'ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ' ਵਿਖੇ ਕੀਤਾ ਗਿਆ। ਸਮਾਗਮ 'ਚ ਟਰੱਸਟੀ ਡਾ.ਸਤਨਾਮ ਸਿੰਘ ਨਿੱਜਰ ਨੇ ਵੀ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਖੇਤਰ 'ਚ ਭਕਨਾ-ਚੀਚਾ ਰੋਡ 'ਤੇ 'ਲੰਗਰੁ ਚਲੈ ਗੁਰ ਸਬਦਿ ਸੰਸਥਾ' ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਵਿਖੇ ਖੋਲ੍ਹੀ ਗਈ ਇਸ ਲੈਬਾਰਟਰੀ ਦੇ ਉਦਘਾਟਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ.ਐੱਸ.ਪੀ.ਸਿੰਘ ਓਬਰਾਏ ਨੇ ਪੰਜਾਬ ਸਮੇਤ ਹੋਰਨਾਂ ਸੂਬਿਆਂ 'ਚ ਸਰਬੱਤ ਦਾ ਭਲਾ ਟਰੱਸਟ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਟਰੱਸਟ ਵੱਲੋਂ ਸਥਾਪਤ ਕੀਤੀ ਗਈ ਬਹੁਤ ਹੀ ਘੱਟ ਖ਼ਰਚੇ ਵਾਲੀ ਇਸ ਲੈਬਾਰਟਰੀ ਨਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਨੂੰ ਬਹੁਤ ਵੱਡੀ ਸਹੂਲਤ ਮਿਲੇਗੀ। ਡਾ. ਐਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਟਰੱਸਟ ਵੱਲੋਂ ਹੁਣ ਤੱਕ ਪੰਜਾਬ ਤੇ ਹਰਿਆਣਾ ਸਮੇਤ ਹੋਰਨਾਂ ਸੂਬਿਆਂ 'ਚ 95 ਤੋਂ ਵੱਧ ਲੈਬਾਰਟਰੀਆਂ ਖੋਲ੍ਹੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਅੰਦਰ ਹਰ ਸਾਲ ਲਗਭਗ 12 ਲੱਖ ਦੇ ਕਰੀਬ ਲੋਕ ਕੇਵਲ ਲਾਗਤ ਦਰਾਂ 'ਤੇ ਆਪਣੇ ਟੈਸਟ ਕਰਵਾ ਰਹੇ ਹਨ। ਉਨ੍ਹਾਂ ਲੰਗਰੁ ਚਲੈ ਗੁਰ ਸਬਦਿ ਸੰਸਥਾ ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਸਿੱਖਿਆ ਤੇ ਸੇਵਾ ਕੇਂਦਰ ਦੀ ਵੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸੰਸਥਾ ਇਸ ਸਰਹੱਦੀ ਖੇਤਰ ਦੇ ਬੱਚਿਆਂ ਲਈ ਚਾਨਣ ਮੁਨਾਰਾ ਸਾਬਿਤ ਹੋਵੇਗੀ। ਡਾ: ਓਬਰਾਏ ਨੇ ਇਸ ਕੇਂਦਰ ਵਿੱਚ ਜਲਦੀ ਹੀ ਕੰਪਿਊਟਰ ਸਿਖਲਾਈ ਕੇਂਦਰ ਤੇ ਸਿਲਾਈ ਕੇਂਦਰ ਖੋਲ੍ਹਣ ਦਾ ਵੀ ਐਲਾਨ ਕੀਤਾ।ਇਸ ਮੌਕੇ ਸੰਸਥਾ ਦੇ ਚੇਅਰਮੈਨ ਸਰਬਜੀਤ ਸਿੰਘ ਹੁਸ਼ਿਆਰਨਗਰ ਨੇ ਡਾ: ਓਬਰਾਏ ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਲੋੜਵੰਦਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਇਹ ਕੇਂਦਰ ਪੇਂਡੂ ਤੇ ਸਰਹੱਦੀ ਖੇਤਰ ਦੇ ਲੋਕਾਂ ਲਈ ਕਾਰਜਸ਼ੀਲ ਰਹੇਗੀ। ਇਸ ਮੌਕੇ ਟਰੱਸਟ ਦੇ ਮੀਡੀਆ ਸਲਾਹਕਾਰ ਰਵਿੰਦਰ ਰੌਬਿਨ, ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ,ਨਵਜੀਤ ਘਈ, ਜਗਦੇਵ ਸਿੰਘ ਛੀਨਾ,ਸੁਖਚੈਨ ਸਿੰਘ ਹੇਰ,ਸੁਖਦੀਪ ਸਿੰਘ ਚੀਚਾ, ਡਾ. ਗੁਰਬਲਜੀਤ ਸਿੰਘ, ਮੋਹਨਜੀਤ ਸਿੰਘ ਪਟਵਾਰੀ, ਡਾ. ਜਸਮਿੰਦਰਜੀਤ ਸਿੰਘ, ਐਡਵੋਕੇਟ ਰਣਜੀਤ ਸਿੰਘ, ਸਤਨਾਮ ਸਿੰਘ ਚੀਚਾ, ਸਰਪੰਚ ਸੁਖਦੇਵ ਸਿੰਘ, ਚਰਨਜੀਤ ਸਿੰਘ ਭਕਨਾ, ਲਖਵਿੰਦਰ ਸਿੰਘ,ਪ੍ਰੋ: ਭੁਪਿੰਦਰ ਸਿੰਘ ਭਕਨਾ, ਜਸਬੀਰ ਸਿੰਘ ਭਕਨਾ, ਬਲਜਿੰਦਰ ਸਿੰਘ ਬੱਲ,ਮਾਸਟਰ ਅਵਤਾਰ ਸਿੰਘ ਸੋਹਲ, ਸੁਖਦੀਪ ਸਿੰਘ ਚੀਚਾ ਤੇ ਸੰਸਥਾ ਦੇ ਪ੍ਰਚਾਰਕ ਵੀ ਮੌਜੂਦ ਸਨ॥

St. Soldier
GROUP OF INSTITUTIONS
SINCE 1958
EDUCATIONAL 64 YEARS EXCELLENCE
MORE THAN
•56 Colleges & Schools •200 Merit Positions
•125 Companies For Placements
•75 Academic Courses
•2000 Placements In 2022 - 2023
•42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
PMKVY
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

## 1 ਤੋਂ 3 ਮਈ ਤੱਕ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਗੁਰਦੁਆਰਾ ਸ਼ਹੀਦ ਗੰਜ ਵਿਖੇ 40 ਮੁਕਤਿਆਂ ਦਾ ਸ਼ਹੀਦੀ ਦਿਵਸ



ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸ਼੍ਰੀ ਦਰਬਾਰ ਸਾਹਿਬ (ਗੁਰਦੁਆਰਾ ਟੁੱਟੀ ਗੰਢੀ ਸਾਹਿਬ) ਸ਼੍ਰੀ ਮੁਕਤਸਰ ਸਾਹਿਬ ਦੇ ਪਿੱਛੇ ਲਹਿੰਦੇ ਪਾਸੇ ਵੱਲ ਹੈ। ਜਿੱਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਚਿਖਾ (ਅੰਗੀਠਾ) ਤਿਆਰ ਕਰਕੇ 40 ਮੁਕਤੇ ਅਤੇ ਹੋਰ ਸ਼ਹੀਦ ਸਿੰਘਾਂ ਦਾ ਆਪਣੇ ਹੱਥੀਂ ਸਸਕਾਰ ਕੀਤਾ ਸੀ । 40 ਮੁਕਤਿਆਂ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 1, 2 ਅਤੇ 3 ਮਈ ਨੂੰ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ।

ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸੰਨ 1704 ਈ: ਵਿੱਚ ਅਨੰਦਪੁਰ ਸਾਹਿਬ ਵਿੱਚ ਕਿਲ੍ਹਾ ਅਨੰਦਗੜ੍ਹ ਵਿਖੇ ਮੁਗ਼ਲ ਫ਼ੌਜਾਂ ਨਾਲ ਯੁੱਧ ਲੜ ਰਹੇ ਸਨ। ਦੁਸ਼ਮਣ ਦੀਆਂ ਫ਼ੌਜਾਂ ਨੇ ਚਾਰੇ ਪਾਸੇ ਘੇਰਾ ਪਾ ਲਿਆ ਅਤੇ ਬਾਹਰੋਂ ਰਸਦ-ਪਾਣੀ ਅੰਦਰ ਨਾ ਜਾਣ ਦਿੱਤਾ, ਕਿਉਂਕਿ ਉਹਨਾਂ ਨੂੰ ਉਮੀਦ ਸੀ ਕਿ ਭੁੱਖ ਨਾਲ ਮਰਦੇ ਸਿੰਘ ਲੜਾਈ ਨਹੀਂ ਲੜ ਸਕਣਗੇ ਅਤੇ ਬਾਹਰ ਆ ਜਾਣਗੇ। ਜਦੋਂ ਕਾਫ਼ੀ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਿਆ ਰਿਹਾ ਤਾਂ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜੰਗ ਨਹੀਂ ਲੜ ਸਕਦੇ ਅਤੇ ਉਹ ਘਰਾਂ ਨੂੰ ਜਾਣਾ ਚਾਹੁੰਦੇ ਹਨ। ਗੁਰੂ ਸਾਹਿਬ ਨੇ ਸਿੰਘਾਂ ਨੂੰ ਹੌਂਸਲਾ ਦਿੰਦੇ ਹੋਏ ਕਿਹਾ ਕਿ ਕੁਝ ਦਿਨਾਂ ਦੀ ਗੱਲ ਹੈ, ਪਰ ਸਿੰਘਾਂ ਨੇ ਉੱਤਰ ਦਿੱਤਾ, "ਅਸੀਂ ਲੜਦੇ ਹੋਏ ਸ਼ਹੀਦ ਹੋ ਸਕਦੇ ਹਾਂ ਪਰ ਭੁੱਖੇ ਮਰਨ ਲਈ ਤਿਆਰ ਨਹੀਂ।" ਸਿੰਘ ਜਦ ਆਪਣੀ ਜ਼ਿੱਦ ਤੇ ਅੜੇ ਰਹੇ ਤਾਂ ਗੁਰੂ ਜੀ ਨੇ ਕਿਹਾ ਕਿ ਜੇਕਰ ਤੁਸੀਂ ਜਾਣਾ ਹੈ ਤਾਂ ਜਾਉ ਪਰ ਇਹ ਲਿਖ ਕੇ ਦੇ ਜਾਉ "ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਅਤੇ ਅਸੀਂ ਉਸ ਦੇ ਸਿੱਖ ਨਹੀਂ।" ਭਾਈ ਮਹਾਂ ਸਿੰਘ ਜੀ ਦੀ ਅਗਵਾਈ ਵਿੱਚ 40 ਸਿੰਘ ਗੁਰੂ ਜੀ ਨੂੰ 'ਅਸੀਂ ਤੁਹਾਡੇ ਸਿੱਖ ਨਹੀਂ,' ਤੁਸੀਂ ਸਾਡੇ ਗੁਰੂ ਨਹੀਂ" ਬੇਦਾਵਾ ਲਿਖ ਕੇ ਦੇਣ ਉਪਰੰਤ ਘਰਾਂ ਨੂੰ ਵਾਪਸ ਆ ਗਏ।

ਗੁਰੂ ਜੀ ਨੇ ਮੁਗ਼ਲਾਂ ਦੇ ਵਿਸ਼ਵਾਸ ਦੇਣ 'ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡ ਦਿੱਤਾ ਕਿ ਸਾਡੀ ਫ਼ੌਜ ਵਾਪਸ ਚਲੀ ਜਾਵੇਗੀ। ਪਰ ਇਹ ਉਹਨਾਂ ਦੀ ਇੱਕ ਚਾਲ ਸੀ। ਗੁਰੂ ਜੀ ਸਰਸਾ ਨਦੀ ਪਾਰ ਕਰਕੇ ਚਮਕੌਰ ਸਾਹਿਬ ਪੁੱਜੇ। ਇਸੇ ਸਮੇਂ ਦੌਰਾਨ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੋ ਗੰਗੂ ਰਸੋਈਏ ਨਾਲ ਸਨ, ਗੁਰੂ ਸਾਹਿਬ ਤੋਂ ਵਿੱਛੜ ਗਏ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਗੁਰੂ ਸਾਹਿਬ ਦੇ ਨਾਲ ਸਨ। ਮੁਗ਼ਲ ਫ਼ੌਜ ਪਿੱਛਾ ਕਰਦੀ ਆ ਰਹੀ ਸੀ। ਚਮਕੌਰ ਸਾਹਿਬ ਵਿਖੇ ਬਹੁਤ ਭਾਰੀ ਯੁੱਧ ਹੋਇਆ। ਜਿੱਥੇ ਦੋਵੇਂ ਵੱਡੇ ਸਾਹਿਬਜ਼ਾਦੇ ਜੰਗ ਵਿੱਚ ਸ਼ਹੀਦ ਹੋ ਗਏ।

ਗੁਰੂ ਜੀ ਪੰਜ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਕੇ ਮਾਛੀਵਾੜਾ, ਰਾਏਕੋਟ, ਦੀਨਾ ਕਾਂਗੜ, ਭਾਈ ਭਗਤਾ, ਵਾਂਦਰ, ਬਰਗਾੜੀ, ਸਰਾਵਾਂ, ਜੈਤੋ, ਮਲੂਕਾ ਆਦਿ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਕੋਟਕਪੂਰਾ ਪੁੱਜੇ। ਕੋਟਕਪੂਰੇ ਦੇ ਚੌਧਰੀ (ਨਵਾਬ) ਕਪੂਰ ਸਿੰਘ ਤੋਂ ਗੁਰੂ ਜੀ ਨੇ ਕਿਲ੍ਹਾ ਮੰਗਿਆ। ਚੌਧਰੀ ਨੇ ਗੁਰੂ ਜੀ ਦੀ ਬਹੁਤ ਸੇਵਾ ਤੇ ਸਤਿਕਾਰ ਕੀਤਾ ਪਰ ਕਿਲ੍ਹਾ ਦੇਣ ਤੋਂ ਸਾਫ਼ ਨਾਂਹ ਕਰ ਦਿੱਤੀ। ਗੁਰੂ ਸਾਹਿਬ ਸਿੱਖ ਯੋਧਿਆਂ ਸਮੇਤ ਖਿਦਰਾਣੇ ਦੀ ਢਾਬ ਵੱਲ ਚੱਲ ਪਏ।

ਦੂਜੇ ਪਾਸੇ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇਣ ਵਾਲੇ 40 ਸਿੰਘ ਜਦ ਆਪਣੇ ਘਰਾਂ ਨੂੰ ਚਲੇ ਗਏ ਅਤੇ ਘਰ ਜਾ ਕੇ ਸਾਰਾ ਹਾਲ ਸੁਣਾਇਆ ਤਾਂ ਉਹਨਾਂ ਦੀਆਂ ਪਤਨੀਆਂ, ਭੈਣਾਂ, ਮਾਵਾਂ ਤੇ ਰਿਸ਼ਤੇਦਾਰਾਂ ਨੇ ਬਹੁਤ ਤਾਅਨੇ-ਮਿਹਣੇ ਮਾਰ ਕੇ ਕਿਹਾ ਕਿ ਤੁਸੀਂ ਗੁਰੂ ਜੀ ਨੂੰ ਛੱਡ ਕੇ ਚੰਗਾ ਕੰਮ ਨਹੀਂ ਕੀਤਾ। ਤੁਸੀਂ ਗੁਰੂ ਜੀ ਤੋਂ ਬੇਮੁਖ ਹੋ ਕੇ ਆਏ ਹੋ। ਤੁਸੀਂ ਘਰਾਂ ਵਿੱਚ ਘੱਗਰੇ ਤੇ ਚੂੜੀਆਂ (ਵੰਗਾਂ) ਪਾ ਕੇ ਬੈਠੋ, ਅਸੀਂ ਜੰਗ ਲੜਨ ਜਾਂਦੀਆਂ ਹਾਂ। ਮਾਈ ਭਾਗੋ ਜੋ ਸੂਰਬੀਰ ਤੇ ਦਲੇਰ ਔਰਤ ਸੀ, ਉਸ ਦੀ ਪ੍ਰੇਰਣਾ ਨਾਲ ਇਹ 40 ਸਿੰਘ ਸਮੀਰ ਸਿੰਘ, ਸਰਜਾ ਸਿੰਘ, ਸੁਹੇਲ ਸਿੰਘ, ਸੁਲਤਾਨ ਸਿੰਘ, ਸੋਭਾ ਸਿੰਘ, ਸੰਤ ਸਿੰਘ, ਹਰਸਾ ਸਿੰਘ, ਗੰਗਾ ਸਿੰਘ, ਹਰੀ ਸਿੰਘ, ਕਰਨ ਸਿੰਘ, ਕਰਮ ਸਿੰਘ, ਕਾਲਾ ਸਿੰਘ, ਕੀਰਤੀ ਸਿੰਘ, ਕ੍ਰਿਪਾਲ ਸਿੰਘ, ਖੁਸ਼ਾਲ ਸਿੰਘ, ਗੁਲਾਬ ਸਿੰਘ, ਗੰਗਾ ਸਿੰਘ, ਗੰਡਾ ਸਿੰਘ, ਘਰਬਾਰਾ ਸਿੰਘ, ਚੰਬਾ ਸਿੰਘ, ਜਾਦੋ ਸਿੰਘ, ਜੋਗਾ ਸਿੰਘ, ਜੰਗ ਸਿੰਘ, ਦਿਆਲ ਸਿੰਘ, ਦਰਬਾਰਾ ਸਿੰਘ, ਦਿਲਬਾਗ ਸਿੰਘ, ਧਰਮ ਸਿੰਘ, ਧੰਨਾ ਸਿੰਘ, ਨਿਹਾਲ ਸਿੰਘ, ਨਿਧਾਨ ਸਿੰਘ, ਬੂੜ ਸਿੰਘ, ਭਾਗ ਸਿੰਘ, ਭੋਲਾ ਸਿੰਘ, ਭੰਗਾ ਸਿੰਘ, ਮਹਾਂ ਸਿੰਘ, ਮੱਜਾ ਸਿੰਘ, ਮਾਨ ਸਿੰਘ, ਮੈਯਾ ਸਿੰਘ, ਰਾਇ ਸਿੰਘ, ਲਛਮਣ ਸਿੰਘ (ਮਹਾਨ ਕੋਸ਼, ਚੌਥੀ ਵਾਰ, ਪੰਨਾ 981) ਗੁਰੂ ਜੀ ਦੀ ਭਾਲ ਕਰਦੇ ਹੋਏ ਖਿਦਰਾਣੇ ਦੀ ਢਾਬ 'ਤੇ ਪਹੁੰਚੇ। ਉਹਨਾਂ ਆਪਣੀ ਗਿਣਤੀ ਜ਼ਿਆਦਾ ਦਿਖਾਉਣ ਲਈ ਝਾੜੀਆਂ ਅਤੇ ਬੂਟੀਆਂ ਦੇ ਉੱਪਰ ਆਪਣੇ ਚਾਦਰੇ, ਪਰਨੇ ਅਤੇ ਹੋਰ ਕੱਪੜੇ ਪਾ ਕੇ ਤੰਬੂਆਂ ਦੀ ਸ਼ਕਲ ਵਿੱਚ ਬਦਲ ਦਿੱਤਾ। 40 ਸਿੰਘ ਮੁਗ਼ਲ ਫ਼ੌਜਾਂ ਨਾਲ ਜੂਝ ਕੇ ਲੜੇ।

ਯੁੱਧ ਖ਼ਤਮ ਹੋਣ ਤੋਂ ਬਾਅਦ ਗੁਰੂ ਜੀ ਜਦੋਂ ਲੜਾਈ ਦੇ ਮੈਦਾਨ ਵਿੱਚ ਪਹੁੰਚੇ, 39 ਸਿੰਘ ਸ਼ਹੀਦ ਹੋ ਚੁੱਕੇ ਸਨ। ਜਦੋਂ ਗੁਰੂ ਜੀ ਸਹਿਕ ਰਹੇ ਇੱਕ ਸਿੱਖ ਭਾਈ ਮਹਾਂ ਸਿੰਘ ਕੋਲ ਪਹੁੰਚੇ ਤਾਂ ਉਸ ਨੂੰ ਆਪਣੀ ਗੋਦੀ ਵਿੱਚ ਬਿਠਾਇਆ ਤੇ ਕੱਪੜੇ ਨਾਲ ਉਸ ਦਾ ਚਿਹਰਾ ਸਾਫ਼ ਕੀਤਾ। ਗੁਰੂ ਜੀ ਨੇ ਉਸ ਦੀ ਆਖ਼ਰੀ ਇੱਛਾ ਪੁੱਛੀ ਤੇ ਕਿਹਾ, "ਭਾਈ ਮਹਾਂ ਸਿੰਘ ! ਤੁਸੀਂ ਮਹਾਨ ਕੁਰਬਾਨੀ ਕੀਤੀ ਹੈ, ਮੰਗ ਲੈ, ਜੋ ਮੰਗੇਗਾ, ਉਹ ਜ਼ਰੂਰ ਮਿਲੇਗਾ।"

ਤਬ ਲੌ ਇਕ ਸਿਖ ਸਹਿਕਤ ਪਾਯੋ।
ਕਹਯੋ ਗੁਰੂ ਮਾਂਗੋ ਮਨ ਭਾਯੋ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)

ਸਿਸਕੀਆਂ ਭਰਦਿਆਂ ਭਾਈ ਮਹਾਂ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੇ ਤਰੁੱਠੇ ਹੋ ਤਾਂ ਅਨੰਦਪੁਰ ਸਾਹਿਬ ਵਿਖੇ ਜੰਗ ਸਮੇਂ ਅਸੀਂ 40 ਸਿੰਘ ਜੋ ਬੇਦਾਵਾ ਲਿਖ ਕੇ ਦੇ ਆਏ ਸੀ, ਉਹ ਪਾੜ ਦਿਉ ਅਤੇ ਸਾਡੀ ਟੁੱਟੀ ਗੰਢ ਦਿਉ। ਗੁਰੂ ਜੀ ਨੇ ਆਪਣੇ ਕਮਰਕੱਸੇ ਵਿੱਚੋਂ ਬੇਦਾਵਾ ਕੱਢ ਕੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਕੇ ਭਾਈ ਮਹਾਂ ਸਿੰਘ ਤੇ ਸ਼ਹੀਦ ਹੋਏ ਸਿੰਘਾਂ ਨਾਲ ਟੁੱਟੀ ਗੰਢ ਦਿੱਤੀ ।

ਸਿੱਖੀ ਹਿਤ ਜਿਨ ਰਾਜਨ ਚਾਹਯੋ।
ਸਿਦਕ ਔਰ ਉਪਕਾਰ ਨਿਬਾਹਯੋ।
ਜੇਬ ਬੀਚ ਤੈ ਤਬੈ ਨਿਕਾਰਯੋ।
ਕਾਗਜ ਸਨਮੁਖ ਤਾਂਕੇ ਫਾਰਯੋ।
ਗੁਰੂ ਤੇ ਵਲੀ ਗੁਰੂ ਕੇ ਸਿਖ ਹੈਂ।
ਯਹਿ ਗੁਰੂ ਕਹਯੋ ਲਏ ਹਿਮ ਪਿਖ ਹੈਂ।
ਤੁਟੀ ਸਿੱਖੀ ਫੇਰ ਮਿਲਾਈ।
ਪਰਉਪਕਾਰ ਕਰਯੋ ਬਹੁਤਾਈ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 311)

ਗੁਰੂ ਜੀ ਨੇ ਫ਼ਰਮਾਇਆ ਕਿ ਇਹ ਥਾਂ ਹੁਣ ਖਿਦਰਾਣਾ ਨਹੀਂ ਸਗੋਂ ਮੁਕਤੀ ਦਾ ਅਸਥਾਨ ਹੈ।

ਮੁਕਤਯੋਂ ਕਾ ਪਦ ਉਨਕੋ ਦੀਨਾ।
ਖਿਦਰਾਣੇ ਕੋ ਮੁਕਤਸਰ ਕੀਨਾ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ, ਪੰਨਾ 312)

ਗੁਰੂ ਜੀ ਨੇ ਸ਼ਹੀਦ ਹੋਏ ਸਿੰਘਾਂ ਨੂੰ ਪੰਜ ਹਜ਼ਾਰੀ, ਦਸ ਹਜ਼ਾਰੀ ਅਤੇ ਹੋਰ ਵੱਡੇ-ਵੱਡੇ ਖਿਤਾਬ ਬਖ਼ਸ਼ੇ। ਇਹਨਾਂ 40 ਮੁਕਤਿਆਂ ਨੂੰ ਅਸੀਂ ਰੋਜ਼ਾਨਾ ਸਵੇਰੇ-ਸ਼ਾਮ ਅਰਦਾਸ ਕਰਨ ਸਮੇਂ ਯਾਦ ਕਰਦੇ ਹਾਂ।

ਗੁਰਦੁਆਰਾ ਸ਼ਹੀਦ ਗੰਜ ਸ਼੍ਰੀ ਮੁਕਤਸਰ ਸਾਹਿਬ ਵਿਖੇ ਹਰ ਸਮੇਂ ਅਖੰਡ-ਪਾਠਾਂ ਦੀ ਲੜੀ ਚੱਲਦੀ ਰਹਿੰਦੀ ਹੈ। ਇਸ ਅਸਥਾਨ ਤੇ ਹਰ ਸਾਲ 40 ਮੁਕਤਿਆਂ ਦਾ ਸ਼ਹੀਦੀ ਦਿਹਾੜਾ 1, 2, ਤੇ 3 ਮਈ ਨੂੰ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। 1 ਮਈ ਨੂੰ ਸਵੇਰੇ 9 ਵਜੇ ਅਖੰਡ-ਪਾਠ ਆਰੰਭ ਹੋਣਗੇ। ਇਸੇ ਦਿਹਾੜੇ ਗੁਰਦੁਆਰਾ ਟਿੱਬੀ ਸਾਹਿਬ ਤੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਜਾਵੇਗਾ। 3 ਮਈ ਨੂੰ ਅਖੰਡ-ਪਾਠਾਂ ਦੇ ਭੋਗ ਪਾਏ ਜਾਣਗੇ। ਤਿੰਨ ਰੋਜ਼ਾ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ, ਪ੍ਰਚਾਰਕ, ਢਾਡੀ ਗੁਰ ਇਤਿਹਾਸ, ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ,**
**ਜਮਾਲਪੁਰ ਲੁਧਿਆਣਾ।**

# ਸਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁਲ ਭੇਟ ਕਰਕੇ ਹੱਕੀ ਤੇ ਜਾਇਜ ਮੰਗਾ ਲਈ ਸੰਘਰਸ਼ ਕਰਨ ਦਾ ਲਿਆ ਪ੍ਰਣ- ਭਿੱਖੀਵਿੰਡ,ਗੋਹਲਵੜ

ਤਰਨ ਤਾਰਨ 1ਮਈ ਅੱਜ ਤੋ 137 ਸਾਲ ਪਹਿਲਾਂ ਅੱਜ ਦੇ ਦਿਨ ਅਮਰੀਕਾ ਦੇ ਸ਼ਹਿਰ ਸਿਕਾਗੋ ਵਿਖੇ ਸਾਮਰਾਜ ਪੁਲੀਸ ਨੇ ਹਜਾਰਾਂ ਮਜਦੂਰਾ ਨੂੰ ਗੋਲੀਆਂ ਨਾਲ ਉਸ ਵੇਲੇ ਛੱਲਣੀ ਕਰ ਦਿੱਤਾ ਜਦ ਉਹ 16 ਘੰਟਿਆਂ ਦੀ ਦਿਹਾੜੀ ਦੀ ਬਜਾਏ 8 ਘੰਟੇ ਕਰਨ ਦੀ ਮੰਗ ਕਰ ਰਹੇ ਸਨ

ਅੱਜ ਰਾਮਗੜ੍ਹੀਆ ਬੁੰਗਾ ਤਰਨ ਤਾਰਨ ਵਿਖੇ ਸੀ, ਪੀ, ਆਈ, ( ਐਮ ) ਤੇ ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ ( ਸੀਟੂ ) ਪੰਜਾਬ ਦੇ ਵਰਕਰਾਂ ਦਾ ਵਿਸ਼ਾਲ ਇੱਕਠ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ, ਕਾਮਰੇਡ ਗੁਰਮੀਤ ਕੌਰ ਡਾਲੇਕੇ,ਕਾਮਰੇਡ ਅੰਗਰੇਜ ਸਿੰਘ ਰਟੌਲ, ਕਾਮਰੇਡ ਜਗਤਾਰ ਸਿੰਘ ਖਡੂਰ ਸਾਹਿਬ, ਕਾਮਰੇਡ ਮਨਪ੍ਰੀਤ ਸਿੰਘ ਕੋਟਲੀ ਆਦਿ ਆਗੂਆਂ ਦੀ ਸਾਂਝੀ ਪ੍ਰਧਾਨਗੀ ਹੇਠ ਹੋਇਆ

ਇਸ ਮੌਕੇ ਵਿਸ਼ਾਲ ਇੱਕਠ ਨੂੰ ਸੰਬੋਧਨ ਕਰਦਿਆਂ ਸੀ, ਪੀ,ਆਈ,( ਐਮ )ਦੇ ਜਿਲਾ ਸਕੱਤਰ ਕਾਮਰੇਡ ਮੇਜਰ ਸਿੰਘ ਭਿੱਖੀਵਿੰਡ,ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ ( ਸੀਟੂ ) ਪੰਜਾਬ ਦੇ ਸੂਬਾ ਸਕੱਤਰੇਤ ਮੈਂਬਰ ਤੇ ਭਵਨ ਨਿਰਮਾਣ ਮਿਸਤਰੀ ਮਜਦੂਰ ਯੂਨੀਅਨ ( ਸੀਟੂ ) ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਸੁਖਦੇਵ ਸਿੰਘ ਗੋਹਲਵੜ,



ਪੰਜਾਬ ਕਿਸਾਨ ਸਭਾ ਦੇ ਸੂਬਾਈ ਆਗੂ ਕਾਮਰੇਡ ਇੰਦਰਜੀਤ ਸਿੰਘ ਮਰਹਾਣਾ, ਜਿਲਾ ਆਗੂ ਕਾਮਰੇਡ ਜਸਵਿੰਦਰ ਸਿੰਘ ਮਾਨੋਚਾਹਲ,ਗੌਰਮਿੰਟ ਪੈਨਸ਼ਨਰਜ਼ ਵਰਕਰ ਯੂਨੀਅਨ ( ਸੀਟੂ ) ਪੰਜਾਬ ਦੇ ਜਿਲਾ ਪ ?ਧਾਨ ਕਾਮਰੇਡ ਕਰਮ ਸਿੰਘ ਲਾਲਪੁਰਾ, ਆਦਿ ਆਗੂਆਂ ਨੇ ਕਿਹਾ ਕਿ ਸਰਮਾਏਦਾਰ ਜਮਾਤ ਹਮੇਸ਼ਾ ਤੋ ਹੀ ਮਜਦੂਰਾ ਦਾ ਖੂਨ ਚੂਸਦੀਆਂ ਆ ਰਹੀਆਂ ਹਨ ਅਤੇ ਉਨ੍ਹਾਂ ਦੀ ਕਿਰਤ ਦਾ ਕਦੇ ਵੀ ਸਹੀ ਮੁਲ ਨਹੀ ਪਾਇਆ ਗਿਆ ਦੇਸ਼ ਦੀ ਅਜਾਦੀ ਤੋਂ ਬਾਅਦ ਕੇਂਦਰ ਵਿੱਚ ਜਿਹੜੀ ਵੀ ਸਰਕਾਰ ਆਈ ਉਸ ਨੇ ਮਜਦੂਰ ਜਮਾਤ ਨਾਲ ਵਾਅਦੇ ਤਾ ਬਹੁਤ ਕੀਤੇ ਪਰ ਫਾਇਦਾ ਹਮੇਸ਼ਾ ਹੀ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਨੂੰ ਦਿੱਤਾ ਹੈ 76 ਸਾਲ ਦੀ ਅਜਾਦੀ ਬੀਤ ਜਾਣ ਤੇ ਵੀ ਅੱਜ ਵੀ ਮਜਦੂਰ ਜਮਾਤ ਦੋ ਵਕਤ ਦੀ ਰੋਟੀ ਨੂੰ ਤਰਸ ਰਹੀ ਹੈ ਆਗੂਆਂ ਨੇ ਅੱਗੇ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਰਾਜ ਸਤਾ ਤੇ ਕਾਬਜ ਹੋਣ ਤੋਂ ਬਾਅਦ ਦੇਸ਼ ਦੇ ਆਮ ਲੋਕਾਂ ਨਾਲ ਬਹੁਤ ਵੱਡੇ-ਵੱਡੇ ਵਾਅਦੇ ਕੀਤੇ ਅਤੇ ਉਨ੍ਹਾਂ ਦੀ ਜੂਨ ਸੁਧਾਰਨ ਦੀਆਂ ਡੀਗਾ ਮਾਰੀਆਂ ਪਰ ਦੇਸ਼ ਵਿੱਚ ਨੋਟਬੰਦੀ ਕਰਕੇ ਆਮ ਜਨਤਾ, ਕਿਸਾਨਾਂ ਅਤੇ ਮਜਦੂਰਾ ਨੂੰ ਦੋ ਹਜ਼ਾਰ ਰੁਪਏ ਬਦਲੇ ਦਿਨ ਰਾਤ ਲਾਈਨਾ ਵਿੱਚ ਖੜਾ ਕਰ ਦਿੱਤਾ ਉਕਤ ਆਗੂਆਂ ਨੇ ਅੱਗੇ ਕਿਹਾ ਕਿ ਮਜਦੂਰ ਜਮਾਤ ਨੇ ਅਣਗਿਣਤ ਕੁਰਬਾਣੀਆ ਦੇ ਕੇ ਮਜਦੂਰਾ ਦੇ ਹੱਕ ਵਿੱਚ 44 ਕਾਨੂੰਨ ਬਨਵਾਏ ਹਨ ਮੋਦੀ ਸਰਕਾਰ ਉਹਨਾ ਨੂੰ ਤੋੜ ਕੇ ਚਾਰ ਕੋਡਾ ਵਿੱਚ ਵੰਡ ਦਿੱਤਾ ਹੈ ਜਿਸ ਦੀ ਲੜਾਈ ਦੇਸ਼ ਪਰ ਵਿੱਚ ਸੀਟੂ ਵੱਡੇ ਪੱਧਰ ਤੇ ਸੰਘਰਸ਼ ਲੜ ਰਹੀ ਹੈ ਆਗੂਆਂ ਨੇ ਅੱਗੇ ਕਿਹਾ ਕਿ ਇਸ ਮੌਕੇ ਸਰਬਸਮੰਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਜੋ ਗਰੀਬ ਪਰਿਵਾਰਾਂ ਦੀਆਂ ਔਰਤਾਂ ਨੇ ਮਾਈਕਰੋ ਫਾਇਨਾਸ ਕੰਪਨੀਆਂ ਤੋ ਕਰਜਾ ਲੈ ਕੇ ਗਰੀਬ ਪਰਿਵਾਰ ਫਸ ਗਏ ਹਨ ਪੰਜਾਬ ਸਰਕਾਰ ਉਹ ਕਰਜਾ ਆਪਣੇ ਜਿਮੇ ਲਵੇ ਤੇ ਗਰੀਬ ਔਰਤਾਂ ਨੂੰ ਸਰਕਾਰ ਕਰਜਾ ਮੁਆਫ਼ ਕਰੇ , ਬੁਢਾਪਾ, ਵਿਧਵਾ, ਅੰਗਹੀਣ ਪੈਨਸ਼ਨ ਘੱਟੋ- ਘੱਟ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕੀਤਾ ਜਾਵੇ ਸਾਰਾ ਸਾਲ ਕੰਮ ਦਿੱਤਾ ਜਾਵੇ ਮਨਰੇਗਾ ਮਜਦੂਰਾ ਨੂੰ ਪ ?ਤੀ ਦਿਹਾੜੀ 700/ ਰੁਪਏ ਦਿੱਤੀ ਜਾਵੇ ਕੀਤੇ ਕੰਮ ਦੇ ਪੈਸੇ ਫੌਰੀ ਖਾਤਿਆਂ ਵਿੱਚ ਪਾਏ ਜਾਣ ਜਿਹੜੇ ਮਨਰੇਗਾ ਮਜਦੂਰਾ ਨੇ ਖਾਤੇ ਦਿੱਤੇ ਹਨ ਉਹਨਾ ਖਾਤਿਆਂ ਵਿੱਚ ਪੈਸੇ ਪਾਏ ਜਾਣ ਗਲਤ ਖਾਤਿਆਂ ਵਿੱਚ ਪੈਸੇ ਨਾ ਪਾਏ ਜਾਣ ਗੈਰ ਹੁਨਰਮੰਦ ਨੂੰ ਘੱਟੋ- ਘੱਟ 26,000/ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ ਆਗਨਵਾੜੀ ਵਰਕਰ ਹੈਲਪਰ, ਆਸ਼ਾ ਵਰਕਰ, ਮਿਡ ਡੇ ਮੀਲ ਵਰਕਰ, ਪੇਡੂ ਚੌਕੀਦਾਰ ਵਗੈਰਾ ਸਕੀਮ ਵਰਕਰਾਂ ਨੂੰ ਘੱਟੋ- ਘੱਟ ਉਜਰਤਾਂ ਦੇ ਘੇਰੇ ਵਿੱਚ ਲਿਆਂਦਾ ਜਾਵੇ ਰੈਗੂਲਰ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ ਰੈਗੂਲਰ ਭਰਤੀ ਕੀਤੀ ਜਾਵੇ ਆਦਿ ਮੰਗਾ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਤਿੱਖਾ ਸੰਘਰਸ਼ ਵਿਢਿਆ ਜਾਵੇਗਾ

ਇਸ ਮੌਕੇ ਨਰਿੰਦਰ ਸਿੰਘ ਬਗਆੜੀ, ਕੁਲਵੰਤ ਸਿੰਘ ਛਾਪਾ,ਕੁਲਦੀਪ ਸਿੰਘ ਝਬਾਲ, ਸੁਖਜਿੰਦਰ ਸਿੰਘ ਜਸਵੰਤ ਸਿੰਘ ਪੰਡੋਰੀ ਸਿਧਵਾ, ਸਰਬਜੀਤ ਸਿੰਘ,ਸਤਨਾਮ ਸਿੰਘ,ਗੁਰਮੀਤ ਕੌਰ, ਸੰਦੀਪ ਕੌਰ, ਹਰਜਿੰਦਰ ਕੌਰ, ਰਾਜਬੀਰ ਕੌਰ ਰਟੌਲ, ਮਨਦੀਪ ਕੌਰ, ਸੋਨੀਆ ਰੂੜੀ ਵਾਲਾ, ਕਰਮਜੀਤ ਕੌਰ,ਪ੍ਰੀਤਮ ਕੌਰ, ਪਰਮਜੀਤ ਕੌਰ,ਰਣਦੀਪ ਕੌਰ ਚੰਬਲ,ਬਲਜਿੰਦਰ ਕੌਰ, ਜੱਜਬੀਰ ਸਿੰਘ ਕੋਟ ਧਰਮ ਚੰਦ ਕਲਾ, ਮਨਦੀਪ ਕੌਰ, ਦਰਸ਼ਨ ਕੌਰ, ਗੁਰਪ੍ਰੀਤ ਕੌਰ ਕੋਟਲੀ, ਬੀਰ ਸਿੰਘ, ਭੋਲਾ ਸਿੰਘ, ਸਤਨਾਮ ਸਿੰਘ, ਕੁਲਵਿੰਦਰ ਸਿੰਘ, ਨਰਿੰਦਰ ਕੌਰ, ਮਨਜੀਤ ਕੌਰ, ਕਵਲਜੀਤ ਕੌਰ, ਮਨਪ੍ਰੀਤ ਕੌਰ, ਮਨਜੀਤ ਕੌਰ, ਪਰਮਜੀਤ ਕੌਰ, ਗੁਰਜੀਤ ਕੌਰ ਗੋਹਲਵੜ, ਬਲਦੇਵ ਸਿੰਘ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਮੀਤ ਕੌਰ ਖਡੂਰ ਸਾਹਿਬ ਆਦਿ ਆਗੂ ਹਾਜਰ ਸਨ

# ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਜਿਲ੍ਹਾ ਅੰਦਰ CASO ਤਹਿਤ ਚਲਾਇਆ ਸਰਚ ਆਪਰੇਸ਼ਨ

ਸ੍ਰੀ ਮੁਕਤਸਰ ਸਾਹਿਬ- ਸ੍ਰੀ ਗੌਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ. ਪੰਜਾਬ ਅਤੇ ਸ੍ਰੀ ਗੁਰਸ਼ਰਨ ਸਿੰਘ ਸੰਧੂ ਆਈ.ਜੀ ਫਰੀਦਕੋਟ ਰੇਂਜ ਫਰੀਦਕੋਟ ਵੱਲੋਂ ਨਸ਼ਿਆਂ ਖਿਲਾਫ ਮੁਹਿੰਮ ਵਿੱਢੀ ਗਈ ਹੈ, ਜਿਸ ਤੇ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਜੀ ਦੀਆਂ ਵੱਲੋਂ ਪੁਲਿਸ ਦੀਆਂ ਅਲੱਗ ਅਲੱਗ ਟੀਮਾਂ ਬਣਾ ਕੇ ਜਿੱਥੇ ਜ਼ਿਲ੍ਹਾ ਅੰਦਰ ਨਾਕਾਬੰਦੀ ਕਰਕੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਨੇ ਉੱਥੇ ਹੀ ਰਾਤ ਦਿਨ ਗਸ਼ਤ ਵਾ ਚੈਕਿੰਗ ਕਰ ਸ਼ਰਾਰਤੀ ਅਨਸਰਾਂ ਤੇ ਨਕੇਲ ਕੱਸੀ ਜਾ ਰਹੀ ਹੈ ਹੈ। ਇਸੇ ਤਹਿਤ ਹੀ ਅੱਜ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਜੀ ਦੀ ਅਗਵਾਈ ਵਿੱਚ ਸ. ਮਨਮੀਤ ਸਿੰਘ ਢਿੱਲੋ ਐਸ.ਪੀ (ਡੀ) ਦੀ ਨਿਗਰਾਨੀ ਹੇਠ ਜਿਲੇ ਦੀਆਂ ਸਬ ਡਿਵੀਜ਼ਨ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਦੇ ਏਰੀਏ ਵਿੱਚ CASO ਪ੍ਰੋਗਰਾਮ ਤਹਿਤ ਸਰਚ ਅਪ੍ਰੈਸ਼ਨ ਚਲਾਇਆ ਗਿਆ । ਇਸ



ਸਰਚ ਅਭਿਆਨ ਵਿੱਚ ਸ.ਸਤਨਾਮ ਸਿੰਘ ਡੀ.ਐਸ.ਪੀ ( ਸ੍ਰੀ ਮੁਕਤਸਰ ਸਾਹਿਬ), ਸ. ਫਤਿਹ ਸਿੰਘ ਬਰਾੜ ਡੀ.ਐਸ.ਪੀ (ਲੰਬੀ), ਸ. ਜਸਬੀਰ ਸਿੰਘ ਡੀ.ਐਸ.ਪੀ (ਗਿੱਦੜਬਾਹਾ), ਸ੍ਰੀ ਪਵਨਜੀਤ ਡੀ.ਐਸ.ਪੀ (ਮਲੋਟ), ਜਿਲ੍ਹੇ ਦੇ ਸਮੂਹ ਮੁੱਖ ਅਫਸਰਾਂਨ ਤੋ ਇਲਾਵਾ 298 ਪੁਲਿਸ ਕਰਮਚਾਰੀ ਤੇ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਸ. ਮਨਮੀਤ ਸਿੰਘ ਢਿੱਲੋ ਐਸ.ਪੀ (ਡੀ) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਚਾਰੇ ਸਬ ਡਿਵੀਜ਼ਨਾਂ ਦੇ ਏਰੀਏ ਨੂੰ ਸੀਲ ਕਰਕੇ ਪਿੰਡਾਂ/ ਕਸਬਿਆਂ ਵਿੱਚ ਸਰਚ ਅਪ੍ਰੈਸ਼ਨ ਚਲਾਇਆ ਗਿਆ ਅਤੇ ਜਿੰਨਾ ਵਿਅਕਤੀਆਂ ਤੇ ਪਹਿਲਾਂ ਹੀ ਐਨ.ਡੀ.ਪੀ.ਐਸ ਐਕਟ ਦੇ ਮੁਕਦਮੇ ਦਰਜ ਹਨ ਅਤੇ ਜਿਨਾਂ ਦੇ ਕ੍ਰਿਮੀਨਲ ਰਿਕਾਰਡ ਹਨ, ਜਾਂ ਉਹ ਵਿਅਕਤੀ ਜਿਨਾਂ ਦੀ ਐਨ.ਡੀ.ਪੀ.ਐਸ ਮੁਕਦਮਿਆਂ ਵਿੱਚ ਜਮਾਨਤ ਹੋਈ ਹੈ ਉਨ੍ਹਾਂ ਦੇ ਘਰਾਂ/ਥਾਵਾਂ ਤੇ ਪੁਲਿਸ ਵੱਲੋਂ ਰੇਡ ਕਰ ਸਰਚ ਕੀਤਾ ਗਿਆ। ਉਹਨਾਂ ਕਿਹਾ ਕਿ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਕਿਹਾ ਇਸ ਸਰਚ ਅਭਿਆਨ ਦੌਰਾਨ ਇੱਕ ਵਿਅਕਤੀ ਨੂੰ 05 ਕਿਲੋ ਪੋਸਤ ਸਮੇਤ ਕਾਬੂ ਕੀਤਾ ਗਿਆ ਜਿਸ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ ਐਸ.ਐਸ.ਪੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਤੁਹਡੇ ਨਜ਼ਦੀਕ ਕੋਈ ਨਸ਼ੇ ਵੇਚਣ ਦਾ ਕੰਮ ਕਰਦਾ ਹੈ ਤਾਂ ਇਸ ਦੀ ਜਾਣਕਾਰੀ ਸਾਨੂੰ ਸਾਡੇ ਹੈਲਪ ਲਾਇਨ ਨੰਬਰ 8054942100 ਤੇ ਦਿਉ ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ।




ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖ਼ਬਰਾਂ, ਰਿਪੋਰਟਾਂ , ਲੇਖ , ਕਹਾਣੀਆਂ , ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ , ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾਂ ਨੂੰ ਤਸਦੀਕ ਨਹੀਂ ਕਰਦਾ । ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ । ਰੋਜ਼ਾਨਾ ਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ , ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜਿੰਮੇਵਾਰੀ ਸਬੰਧਤ ਪੱਤਰਕਾਰ ਦੀ ਹੋਵੇਗੀ ।

Daily Lok Bani (Punjabi) R.N.I. Punpun 29016 , 2008 Editor,Onwer , Printer, Publisher , Amandeep Mehra ,Printed at Rachna Printers , Railway Road Jalandhar Place of Publication : 308 Sangam Complex Milap Chowk , Jalandhar (India) , Contact No. : 0181-2211009 , Fax : 2211009 , Email Id : lokbani08@gmail.com